੧ੴ ਸਤਿਗੁਰ ਪ੍ਰਸਾਦਿ

# ਪਿਆਰ ਅੱਥਰੂ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

Pyaar Athru

*Bhai Vir Singh*

ISBN # 978-93-80854-99-1

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਵਾਰ, ਦਸੰਬਰ 1980
ਦੂਜੀ ਵਾਰ, ਅਪ੍ਰੈਲ 1998
ਤੀਜੀ ਵਾਰ, ਮਾਰਚ 2008
ਚਉਥੀ ਵਾਰ, ਮਾਰਚ 2012

*ਪ੍ਰਕਾਸ਼ਕ* :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

Printer :
Bedi Art Prints
RZ-1/5, Tughlakabad Extension
Kalkaji, New Delhi - 110019

ਮੁੱਲ : 42/- ਰੁਪਏ

# ਕੁਝ ਸ਼ਬਦ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਕੁਝ ਕਵਿਤਾਵਾਂ "ਅਣਛਪੀਆਂ ਕਵਿਤਾਵਾਂ". ਦੇ ਸਿਰਲੇਖ ਹੇਠ ਕੁਝ ਸਾਲਾਂ ਤੋਂ "ਖਾਲਸਾ ਸਮਾਚਾਰ" ਵਿਚ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਸਨ। ਪਾਠਕਾਂ ਦੀ ਪੁਰਜ਼ੋਰ ਮੰਗ ਅਨੁਸਾਰ ਇਹਨਾਂ ਕਵਿਤਾਵਾਂ ਨੂੰ ਪੁਸਤਕ ਦੀ ਸ਼ਕਲ ਵਿਚ "ਪਿਆਰ ਅੱਥਰੂ" ਦੇ ਨਾਮ ਹੇਠ ਭਾਈ ਸਾਹਿਬ ਦੇ 108ਵੇਂ ਜਨਮ ਦਿਵਸ, 5 ਦਸੰਬਰ 1980 ਦੇ ਅਵਸਰ 'ਤੇ ਨੇਪਰੇ ਚਾੜ੍ਹਿਆ ਗਿਆ ਸੀ। ਪ੍ਰਕਾਸ਼ਤ ਕਰਨ ਦਾ ਇਹ ਯਤਨ ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਕੀਤਾ ਗਿਆ ਹੈ।

ਭਾਈ ਸਾਹਿਬ ਦੀਆਂ ਇਹ ਅਣਛਪੀਆਂ ਕਵਿਤਾਵਾਂ ਉਨ੍ਹਾਂ ਦੇ ਜੀਵਨ ਕਾਲ ਦੇ ਅੰਤਲੇ 20-25 ਸਾਲਾਂ ਵਿਚ ਵੱਖ ਵੱਖ ਥਾਵਾਂ ਤੇ ਲਿਖੀਆਂ ਗਈਆਂ। ਹਰ ਕਵਿਤਾ ਦੇ ਨਾਲ ਉਸਦਾ ਲਿਖਣ ਦਾ ਸਮਾਂ ਤੇ ਸਥਾਨ ਵੀ ਅੰਕਿਤ ਹੈ।

ਆਸ ਹੈ ਪਾਠਕ ਇਸ ਕਾਵਿ ਰਚਨਾ ਨੂੰ ਪਸੰਦ ਕਰਨਗੇ ਅਤੇ ਇਸ ਤੋਂ ਵਧ ਤੋਂ ਵਧ ਲਾਭ ਉਠਾਣਗੇ।

5 ਦਸੰਬਰ, 1980 — ਭਾਈ ਵੀਰ ਸਿੰਘ ਸਾਹਿਤ ਸਦਨ

# ਤਤਕਰਾ


੧. ਪਿਆਰ ਅੱਥਰੂ ....... 7
੨. ਦਾਨ ਸੁਭਾਵ ....... 7
੩. ਪੀੜ ....... 8
੪. ਮੋਰਨੀ ਤੇ ਕੋਇਲ ....... 8
੫. ਪੁਸ਼ਕਰ ....... 9
੬. ਸੁੰਞਾ ਸੀਨਾ ....... 9
੭. ਤੇਰੇ ਆਸ਼ਿਕ ....... 10
੮. ਕਰਨੀ ਵਿਚ ਅਨਯਾਇ ....... 10
੯. ਵਿਥ ....... 11
੧੦. ਖੇਮ ਕੁਸ਼ਲ ਕਲਯਾਣ ....... 11
੧੧. ਸੁਹਣੀ ਰੂਹ ....... 12
੧੨. ਸਿੱਧਾ ਤੱਕਲਾ ....... 12
੧੩. ਭੁੱਲਣ ਬਾਣ ....... 13
੧੪. ਜੁਗਨੂੰ ਦਾ ਚਮਕਾਰ ....... 13
੧੫. ਨਿਰਮਾਣਤਾ ....... 14
੧੬. ਹਰਦਾ ਰਹੁ ਦੁਖ ....... 14
੧੭. ਯਾਦ ....... 15
੧੮. ਦਰਸ਼ਨ-ਤਾਂਘ ....... 15
੧੯. ਹੇ ਅਸਲੀਅਤ ....... 16
੨੦. ਜਦ ਆ ਜਾਂਦੇ ਹੋ ....... 16
੨੧. ਪਿਰਮ ਰਸ ਪਿਆਲਾ ....... 17
੨੨. ਹੋਰ ਨ ਨਜ਼ਰੀਂ ਆਵੇ ....... 17
੨੩. ਜੁਦਾਈ ....... 18
੨੪. ਸਾਈਂ ਸਦਾ ਸੰਭਾਲ ....... 18
੨੫. ਲਾਲੀ ਲਾਲ ਨੂੰ ....... 19
੨੬. ਜਲ ਥਲ ਕਰ ਦਿਓ ....... 19

੨੭. ਲੜ ਲਾਏ ਦੀ ਲਾਜ ........ 20
੨੮. ਉਚੇ ਦਾ ਪਿਆਰ ........ 20
੨੯. ਹੁਸਨ ਮਨ ਦਾ, ਹੁਸਨ ਰੂਹ ਦਾ ........ 21
੩੦. ਖਿਮਾਂ ਸੰਜੋਅ ........ 22
੩੧. ਹੱਕ ਦੀ ਪਛਾਣ ........ 23
੩੨. ਖਸ ਦੇ ਤੀਲੇ ਤੇ ਗੁਲਾਬ ........ 24
੩੩. ਇਸ਼ਕ ਦੀ ਅੱਗ ........ 24
੩੪. ਦਿਲਗੀਰੀਆਂ ਨੂੰ ਦੂਰ ਕਰ ........ 25
੩੫. ਐਉਂ ਨਹੀਂ ਐਉਂ ........ 26
੩੬. ਪ੍ਰਾਰਥਨਾ ........ 27
੩੭. ਆਯਾ ਹਾਂ ਪਯਾਰ ਕਰਨੇ ........ 26
੩੮. ਖੁਦੀ ਤੇ ਬੇਖ਼ੁਦੀ ........ 28
੩੯. ਲੈ ਚਲ ਅਪਣੇ ਦੇਸ਼ ........ 29
੪੦. ਰਿਵੀ ਸੁਹਾਵੀ ........ 30
੪੧. ਮੁਸ਼ਕੀ ਬਹਾਰ ........ 31
੪੨. ਕਰੇਂ ਅੱਛਾ ਸਦਾ ਅੱਛਾ ........ 32
੪੩. ਬੁਲ ਬੁਲ ........ 33
੪੪. ਤੇਰੀ ਰਜ਼ਾ ........ 34
੪੫. ਉਮੈਦਵਾਰ ........ 35
੪੬. ਦੇਹੀ-ਜਿੰਦ-ਰੂਹ ........ 36
੪੭. ਪੰਥ ਜਗਾਵਾ ........ 39
੪੮. ਸੁਤੰਤ੍ਰਤਾ ਦੀ ਦੇਵੀ ........ 43
੪੯. ਮੈਂ ਕੰਨ ਵਿਚ ਇਕ ਗਲ ਕਰਨੀ ਸੀ ........ 46
੫੦. ਦੇਹ ਅਪਣੀ ਸੁਹਬਤ ........ 52
੫੧. ਆਪਣੀ ਕਰਨੀ ਵਿਚੋਂ ਆਪਾ ਪਰੇ ਰਖੋ ........ 52
੫੨. ਅੱਨਾ ਸਾਗਰ ਝੀਲ ........ 53
੫੩. ਭਰਥਰੀ ਹਰੀ ਦੀ ਗੁਫ਼ਾ ........ 54
੫੪. ਆਬੂ ਦੀਆਂ ਗੁਫ਼ਾਂ ........ 55
੫੫. ਰਾਮ ਝਰੋਖਾ ਆਦਿ ........ 55
੫੬. ਸੰਗ ਮਰਮਰ ਦਾ ਕੇਵਲ ਲਟਕਨ ........ 56
੫੭. ਆਬੂ ਨੂੰ ਅਲਵਿਦਾ ........ 56
੫੮. ਹੇ ਬੰਬਈ ........ 57

੫੯. ਬੰਬਈ ਤੋਂ ਦਿੱਲੀ ਆ ਕੇ ........ 57
੬੦. ਤਪਤ ਤਵਿਆਂ ਤੇ ਇੰਵ ਬੈਠੇ ........ 58
੬੧. ਦੂਖ ਭਰ ਕੋਈ ਨ ਰੋਵੇ ........ 60
੬੨. ਅਰਜ਼ੋਈ ........ 60
੬੩. ਨੈਣਾਂ ਨਾਲ ਅੰਮ੍ਰਿਤ ਪੀ ........ 61
੬੪. ਹੋਰ ਨ ਨਜ਼ਰੀਂ ਆਵੇ ........ 61
੬੫. ਗ਼ਰਜ਼ਾਂ ........ 62
੬੬. ਵਾਹ ਤੇਰੀਆਂ ਦਾਨਾਈਆਂ ........ 63
੬੭. ਨਾਮ ਦਾ ਵਾਸਤਾ ........ 64
੬੮. ਇਕ ਸੁਹਣੀ ਵਿਚਾਰ ........ 64
੬੯. ਕਰਤ੍ਰੀ ਸ਼ਕਤੀ ਵਾਲੇ ਤੇ ਖੋਰੀ ........ 65
੭੦. ਵਿਦਯਾ ਦੀ ਪੁਕਾਰ ........ 65
੭੧. ਸੱਜਣ (ਠਗ) ਦੀ ਭੈਣ ........ 66
੭੨. ਤੜਪ ........ 66
੭੩. ਜੋੜਨਹਾਰ ਬੂੰਦ ........ 67
੭੪. ਪਵਾਂ ਨਾ ਕਿਸੇ ਭੁਲੇਵੇਂ ........ 67
੭੫. ਨਾਮ ਕਿਉਂ ਛਿਪਾਇਆ ........ 68
੭੬. ਸਤਵੰਤ ਕੌਰ ਦੀ ਅਮਾਂ ਦਾ ਬਿਰਹਾ ........ 69
੭੭. ਸਤਵੰਤ ਕੌਰ ਦਾ ਬਿਰਹਾ ........ 70
੭੮. ਅੱਛਾ ਹੈ ਕੁਛ ਲੇ ਜਾਨੇ ਸੇ ਦੇ ਕਰ ਹੀ ਕੁਛ ਜਾਨਾ ........ 72
੭੯. ਸੁੰਦਰਤਾ ਰਸ ਮਾਣਨ ਹਿਤ ........ 74
੮੦. ਸੱਚੀ ਸੁਹਾਗਣ ........ 75
੮੧. ਸਿਰੇ ਚੜ੍ਹੇ ਨੂੰ ਕਾਈ ........ 76
੮੨. ਹਾਜ਼ਰ ਸਦਾ ਹਜ਼ੂਰ? ........ 77
੮੩. ਬੇਗੁਨਾਹੀ ਤੇ ਗੁਨਹਗਾਰੀ ........ 78
੮੪. ਅੱਜ ਸਾਡਾ ਅੰਦਰ ਕੀ ਸੋਚੇ ........ 79
੮੫. ਭਾਈ ਵੀਰ ਸਿੰਘ ........ 81
੮੬. ਭਾਈ ਵੀਰ ਸਿੰਘ ਜੀ ਦਾ ਖਾਨਦਾਨੀ ਪਿਛੋਕੜ ........ 94

## ਪਿਆਰ ਅੱਥਰੂ

ਪਯਾਰ ਅੱਥਰੂ ਤੈਂ ਨੈਣੋਂ ਢਰਦੇ
ਢਰਦੇ ਤੁਧੇ ਨ ਦਿਸਦੇ
ਕਿਉਂ ਦਿਖਲਾਵੇਂ ਲੋਕਾਂ ਤਾਈਂ,
ਮਹਿਰਮ ਨਹੀਂ ਇਸ ਰਸ ਦੇ।

ਇਹ ਹੈ ਭੇਟ, ਨਿਮਾਣੀ ਭੇਟਾ
ਕਰ ਪ੍ਰੀਤਮ ਨੂੰ ਭੇਟਾ,
ਓਸੇ ਦੀ ਇਹ ਦਾਤ ਸੁਹਾਵੀ
ਤੇਰੇ ਨਹੀਂ ਇਹ ਵਸ ਦੇ। ੧.

(ਕਸੌਲੀ ੧੨-੧੦-੧੯੫੪)

## ਦਾਨ ਸੁਭਾਵ

ਟਾਹਣੀ ਖਿੜਯਾ ਗੁਲਾਬ ਪਯਾ
ਗੰਧਿ ਸੁਗੰਧਿ ਵਡੇਂਦਾ,
ਫੂਲਦਾਨ ਵਿਚ ਕਟਕੇ ਲਾਇਆ
ਦਾਨ ਸੁਗੰਧਿ ਕਰੇਂਦਾ।

ਪੱਤੀ ਪੱਤੀ ਹੋ ਜੇ ਕਿਰਦਾ
ਤਦ ਬੀ ਮੁਸ਼ਕਾਂ ਮਾਰੇ,
ਦਾਨ ਸੁਭਾਵ ਬਣਾਕੇ ਰਹੁ ਤੂੰ
ਦੇਂਦਾ ਤੇ ਵਿਗਸੇਂਦਾ। ੨.

(ਬੰਬਈ ੮-੨-੧੯੫੩)

# ਪੀੜ

ਪੀੜ ਜਗਤ ਦਾ ਪੀਰ ਹੈ
ਦੇਵੇ ਮਤਿ ਸੁਮੱਤਿ,
    ਅਕਲ ਸਿਖਾਂਦੀ ਮੂਰਖਾਂ
    ਦੇਂਦੀ ਕੱਟਿ ਕੁਮੱਤਿ।

ਦਾਨੇ ਤਾਈਂ ਪੀੜ ਏ
ਸਿਖਲਾਵੇ ਉਪਕਾਰ,
    ਸੰਤਾਂ ਤਈਂ ਸਿਖਾਲਦੀ
    ਪਰ-ਵਿਰਾਗ* ਦੀ ਗੱਤਿ। ੩.

(ਕਸੌਲੀ ੨-੧੦-੧੯੫੪)

# ਮੋਰਨੀ ਤੇ ਕੋਇਲ

ਮੋਰਨੀ- ਮੋਰਨੀ ਪੁਛਦੀ ਕੋਇਲੇ! ਕਿਉਂ ਰੋਂਦੀ ਰਹਿੰਦੀ?
ਵਿਚ ਵਿਛੋੜੇ, ਮੇਲ ਵਿਚ, ਤੂੰ ਕੂਕ ਕੂਕੇਂਦੀ?
ਸੁਣਕੇ ਕੋਇਲ ਰੋ ਪਈ, ਇਹ ਦੁਖੜਾ ਆਖੇ:-
ਕੋਇਲ- ਜਦ ਪ੍ਰੀਤਮ ਪਰਦੇਸ ਮੈਂ ਦੁਖ ਬਿਰਹੋਂ ਕਹਿੰਦੀ।
ਜਦ ਪ੍ਰੀਤਮ ਘਰ ਆ ਗਿਆ ਤਦ ਗਲੇ ਨ ਲੱਗਾਂ
ਤੜਪ ਤੜਪ ਕੂਕਾਂ ਫਿਰਾਂ ਮੂੰਹ ਚੁੰਮ ਨ ਲੈਂਦੀ,
ਮਤ ਚੁਭ ਜਾਏ ਚੁੰਝ ਮੈਂ, ਉਹ ਨਾਜ਼ਕ ਢੋਲਾ,
ਤੜਫਨ ਇਉਂ ਵਿਚ ਮੇਲਦੇ ਬੀ ਲੱਗੀ ਰਹਿੰਦੀ।
ਪੱਲੇ ਮੇਰੇ ਪੈ ਗਿਆ ਨਿਤ ਤੜਫਨ ਸਹੀਏ!
ਕੂਕਣ 'ਪੁੜਾ ਸੁਹਾਗ' ਦਾ ਤੜਫਨ 'ਹਥ-ਮਹਿੰਦੀ' ੪.
(ਬੰਬਈ ੮-੨-੧੯੫੩)

* ਸ਼ਾਕਸ਼ਾਤਕਾਰ ਹੋਣ ਤੋਂ ਬਾਦ ਦਾ ਵਿਰਾਗ।

## ਪੁਸ਼ਕਰ

ਪੁਸ਼ਕਰ ਤੇਰੇ ਪਾਣੀ ਸੁਹਣੇ
ਪਰ ਸਨਸਾਰਾਂ[1] ਵੇੜ੍ਹੇ,
ਮੈਲੇ ਕੀਤੇ ਲੋਕਾਂ ਤੇਰੇ,
ਸੁਹਣੇ ਚਾਰ ਚੁਫੇਰੇ।

ਕਰਨ ਆਰਤੀ, ਫੁੱਲ ਚੜ੍ਹਾਵਨ,
'ਤੀਰਥ-ਰਾਜ' ਪੁਕਾਰਨ,
ਕੁਦਰਤ ਰਚੇ ਨਜ਼ਾਰੇ ਨਾਂ ਕੁਈ
ਸੁਆਰ ਸ਼ਿੰਗਾਰੇ ਤੇਰੇ! ੫

(ਅਜਮੇਰ ੧੭-੯-੧੯੩੩) -ਖਾ:ਸ:੨੪-੫-੧੯੭੯

## ਮੁਇਆ ਸੀਨਾ

ਜਿਸ ਸੀਨੇ ਤੜਪਨ ਨਹੀਂ ਪਈ
ਮੁਇਆ ਸੀਨਾ ਸਹੀਓ!
ਦਿਲ ਉਸ ਸੀਨੇ ਧਉਂਕਣ[2] ਨਾਲੋਂ
ਜ਼ਰਾ ਬੀ ਵੱਧ ਨਹੀਓਂ।
ਦੁੱਪੜ ਜਿਵੇਂ ਅਨਾੜੀ ਦੇ ਹੱਥ
ਧਾਪ ਧਾਪ ਦਿਲ ਵਜਦਾ,
ਰਸ ਰੰਗ ਜਿੰਦ ਹੁਲਾਰੇ ਵਾਲੀ
ਉਸ ਦੇ ਅੰਦਰ ਨਹੀਓਂ। ੬.

(ਬੰਬਈ ਫਰਵਰੀ ੧੯੫੩)

---

1. ਮਗਰਮੱਛਾਂ। 2. ਕੋਲੇ ਭਖਾਣ ਲਈ ਇਕ ਮਸ਼ਕ ਜੋ ਹਵਾ ਦੇਂਦੀ ਹੈ।

## ਤੇਰੇ ਆਸ਼ਿਕ

ਧੰਨ ਉਹ ਤੇਰੇ ਆਸ਼ਿਕ ਦਾਤਾ!
ਜਿਨ੍ਹ ਪ੍ਰੀਤ ਤੁਧੇ ਸੰਗ ਪਾਲੀ।
ਸੁਹਣੀ ਛੋਹ ਸੁਗੰਧੀ ਵਾਲੀ
ਹਾਂ, ਪਯਾਰ ਕਿ ਧੱਪੇ ਵਾਲੀ।
ਇਕੋ ਜਿਹੀ ਜਿਨ੍ਹਾਂ ਨੇ ਦੇਖੀ
ਤੇ ਪਯਾਰ ਪਯਾਰ ਹੈ ਭਰਿਆ
ਦਰਸ ਦਿਹੋ ਆਸ਼ਕ ਆਪਣੇ ਦਾ
ਜਿਨ੍ਹ ਪ੍ਰੀਤਿ ਇਹੋ ਜਿਹੀ ਘਾਲੀ। ੭.

(ਬੰਬਈ ੧੦-੧੦-੧੯੫੪)

## ਕਰਨੀ ਵਿਚ ਅਨਯਾਇ

(ਧੋਤਾ ਜਾ ਰਿਹਾ ਕਪੜਾ ਮੈਲਾ ਕਰਨ ਵਾਲੇ ਇਨਸਾਨ ਨੂੰ:-)

ਡਿੱਠਾ ਤੈਂਡਾ ਨਿਆਂ ਮਨੁੱਖਾ!
ਡਿੱਠਾ ਤੈਂਡਾ ਨਯਾਇ,
ਆਪੇ ਮੈਲਾਂ ਲਾਕੇ ਮੈਨੂੰ
ਫਿਰ ਪਟੜੇ ਪਟਕਾਇੰ!
ਪਟਕਣ ਪਟੜੇ ਤੈਨੂੰ ਚਾਹੀਏ
ਜੋ ਮੈਲਾ ਪਯਾ ਲਾਵੇਂ:
ਜੀਭ ਤੇਰੀ ਤੇ ਨਯਾਉਂ ਵਸੇਂਦਾ
ਕਰਨੀ ਵਿਚ ਅੱਨਯਾਇ। ੮.

(ਬੰਬਈ ੧੫-੧-੧੯੫੫)

# ਵਿੱਥ

ਸੁਣ ਨੀ ਝੀਲ ਪਾਣੀਏਂ ਵਾਲੀ!
ਲਗੀ ਰਹੋ ਨਿਜ ਸੋਮੇ ਨਾਲ:
ਤਰੋ ਤਾਜ਼ਗੀ ਨਿਰਮਲਤਾਈ
ਨਿਭਦੀ ਰਹਿਸੀ ਤੇਰੇ ਨਾਲ।
ਪੈਣ ਨ ਦੇਵੀਂ ਵਿੱਥ ਵਿਚਾਲੇ
ਰਹਿਸੇਂ ਫਿਰ ਨੀ ਤੂੰ ਖੁਸ਼ਹਾਲ।
ਵਿੱਥ ਬੁਰੀ ਅਤਿ ਦੇਇ ਵਿਛੋੜੇ
ਵਿਚ ਵਿਛੋੜੇ ਉਲਟਨ ਹਾਲ। ੯.

(ਬੰਬਈ ੨੦-੧-੧੯੫੫)

# ਖੇਮ ਕੁਸ਼ਲ ਕਲਯਾਣ

(ਉਮਰ ਖਯਾਮ ਦੀ ਇਕ ਰੁਬਾਈ ਦੀ ਤਸਵੀਰ ਪਰ)

ਟੁੱਕਰ ਹੋਵੇ ਖਾਣ ਨੂੰ
ਠੰਡਾ ਜਲ ਹੋ ਪਾਣ,
ਮਾਣਨ ਨੂੰ ਹੋ ਨਾਮ ਰਸ
ਗਾਵਣ ਨੂੰ ਰਬ ਗਾਣ,
ਸੰਗਤ ਆ ਕੀਰਤਨ ਕਰੇ
ਅਰਸ਼ੀ ਛਾਵੇ ਸ਼ਾਨ
ਫਿਰ ਜੰਗਲ ਮੰਗਲ ਬਣੇ
ਖੇਮ ਕੁਸ਼ਲ ਕਲਯਾਣ। ੧੦.

(ਅੰਮ੍ਰਿਤਸਰ ੭-੧੦-੧੯੫੬)

## ਸੁਹਣੀ ਰੂਹ

ਭਾਰਿਆਂ ਕਰੇਂ ਜਿ ਅੱਜ ਆਪ ਨੂੰ,
ਕੱਲ ਕੀਕੂੰ ਉਡ ਸਕਸੇਂ ਰੂਹ!
ਉਡਦੀ ਰਹੁ ਵਿਚ ਗਗਨਾਂ ਉੱਚੀ,
ਹੰਸ ਹੁਮਾ* ਨ ਸੱਕਣ ਛੂਹ।
ਸੁਣ ਨੀ ਸੁਹਣੀ ਖਯਾਲ ਇਕ ਹੁੰਦੇ,
ਉੱਡਣ ਦੇਣ ਨ ਆਪਣੇ ਭਾਰ।
ਕਰਨਾ ਨਹੀਂ ਵਿਸਾਹ ਇਨ੍ਹਾਂ ਦਾ,
'ਪ੍ਰੀਤਮ-ਖਯਾਲੋਂ' ਮੁੜੇ ਨ ਮੂੰਹ। ੧੧.

(ਡੇਹਰਾਦੂਨ ੮-੫-੧੯੫੫)

## ਸਿੱਧਾ ਤੱਕਲਾ

'ਸਾਈਆਂ ਮੇਰੇ' 'ਸਾਈਆਂ ਮੇਰੇ'!
ਲਗੀ ਰਹੇ ਇਕ ਲੱਲ।
ਤਕਲਾ ਰਖੀਂ ਸਿੱਧਾ ਮੇਰਾ
ਪਵੇ ਨ ਇਸ ਵਿਚ ਵੱਲ।
ਹੋਰ ਖ਼ਯਾਲ ਦੀ ਜਾ ਮੁਹਾਠ ਨੂੰ
ਮੈਂ ਮੱਥਾ ਨਾ ਲੱਗੇ,
'ਚਰਨ-ਛੋਹ' ਆਪਣੀ ਤੋਂ ਸਾਈਆਂ
ਪਲ ਭਰ ਪਰੇ ਨ ਘੱਲ। ੧੨.

(ਡੇਹਰਾਦੂਨ ੪-੫-੧੯੫੫)

---

* ਹੁਮਾ = ਇਕ ਬਹੁਤ ਉਚਾ ਉਡਣ ਵਾਲਾ ਪੰਛੀ।

## ਭੁੱਲਣ ਬਾਣ

ਭੁੱਲਾਂ ਹੁੰਦੀਆਂ ਰਹੀਆਂ ਸਾਂਈਆਂ!
ਕਰ ਕਰ ਕੇ ਮੈਂ ਰੋਈ,
ਤੂੰ ਰੁਮਾਲ ਲੈ ਅੱਥਰੂ ਪੂੰਝੇ
ਅੰਮੀ ਹੋ ਜਿਉਂ ਕੋਈ।
ਛੁਟ ਛੁਟ 'ਭੁਲਣ ਬਾਣ' ਅਸਾਡੀ
ਪਰਤ ਪਰਤ ਮੁੜ ਆਵੇ,
'ਬਖਸ਼ਿਸ਼ ਬਾਣ' ਤੁਸਾਡੀ ਸਾਂਈਆਂ!
ਰੁਕੇ ਨ ਦੇਣੋਂ ਢੋਈ। ੧੩.

(ਕਲਕੱਤਾ ੨੨-੧-੧੯੫੬) -ਖਾ:ਸ:੫-੯-੧੯੭੯

## ਜੁਗਨੂੰ ਦਾ ਚਮਕਾਰ

ਸੁਣ ਜੁਗਨੂੰ ਤੂੰ ਦੇਖ ਰਿਹਾ ਹੈਂ
ਚੰਦ ਸੂਰ ਚਮਕਾਰ,
ਬਿਜਲੀ, ਤਾਰੇ, ਦੀਵੇ, ਅਗਨੀ
ਚਾਨਣ ਦਾ ਪਾਸਾਰ,
ਸਹਿਮ ਖਾਇ ਕਿਉਂ ਬੰਦ ਕਰੇਂ ਨ
ਨਿੱਕੀ ਨਿਜ ਚਮਕਾਰ?
ਜੁਗਨੂੰ ਆਖੇ: "ਵੱਸ ਨ ਆਪਣੇ
ਹੁਕਮ ਕਮਾਈਏ ਕਾਰ!" ੧੪.

(ਬੰਬਈ ੧੮-੩-੧੯੫੫)

## ਨਿਰਮਾਣਤਾ

ਪਹਿਲੇ ਹੈਸੀ ਮਗਰੋਂ ਹੋਸੀ,
ਤੈਥੋਂ ਇਹ ਸੰਸਾਰ
ਬੜੇ ਬੜੇ ਹੋ ਗਏ ਤੇ ਹੋਸਣ,
ਕਲਮ ਚਲਾਵਣਹਾਰ।
ਘੁਣ ਵਾਂਗੂ ਦੋ ਅੱਖਰ ਵਾਹਕੇ,
ਮਾਣ ਕਰੇਂ ਕਿਸ ਗਲ ਦਾ?
ਕੀਹ ਹੈ ਚਾਨਣ ਤੇਰਾ ਜਿੰਦੇ,
ਜੁਗਨੂੰ ਦਾ ਚਮਕਾਰ। ੧੫.

(ਬੰਬਈ ੧੮-੩-੧੯੫੫)

## ਹਰਦਾ ਰਹੁ ਦੁਖ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦੁਖ ਹਰਨੇ ਨੂੰ ਕਰਦਾ,
ਕਰਦਿਆਂ ਹਿੰਮਤ ਐਦਾਂ ਜਾਪੇ
ਜਿਉਂ ਦੁਖ ਜਾਂਦੈ ਹਰਦਾ।
ਨਜ਼ਰ ਉਘਾੜ ਜਿ ਦੇਖੋ ਦੁਨੀਆਂ
ਭਰੀ ਦੁਖਾਂ ਦੇ ਨਾਲੇ
ਫਿਰ ਭੀ ਹਰਦਾ ਰਹੁ ਦੁਖ ਸੁਹਣੇ।
ਕਰ ਜੋ ਤੈਥੋਂ ਸਰਦਾ। ੧੬.

(ਬੰਬਈ ੧੫-੧-੧੯੫੫)

## ਯਾਦ

ਵਿੱਚ ਵਿਛੋੜੇ 'ਯਾਦ' ਸਜਨ ਨੂੰ,
ਹੋਣ ਨ ਦੇਂਦੀ ਉਹਲੇ,
ਦਿਲ ਵਿਚ 'ਯਾਦ ਸਜਨ' ਦੀ,
ਕਰਦੀ ਦਿੱਸੇ ਚੁਹਲੇ।
ਕਦੀ ਰੁਆਵੇ ਕਦੀ ਹਸਾਵੇ
ਥਰਹਰ ਥਰਹਰ ਲਾਵੇ,
ਕਦੀ ਸੁਪਨ ਦੇ ਚਾੜ ਪੰਘੂੜੇ
ਮੇਲ ਗਾਉਂਦੀ ਸੁਹਲੇ। ੧੭.

(ਬੰਬਈ-੧੯੫੪)

## ਦਰਸ਼ਨ ਤਾਂਘ

ਝਲਕ ਦਿਖਾਈ ਇੱਕ ਸੁਹਾਵੀ
ਸਾਨੂੰ ਰੱਜ ਨ ਆਈ
ਚਮਕ ਉਠੀ ਸਿਕ ਹੋਰ ਚਮਕ ਕੇ
ਦਰਸ਼ਨ-ਤਾਘ ਸਵਾਈ।
ਜਿਉਂ ਚਾਤ੍ਰਿਕ ਨੂੰ ਬੂੰਦ ਮਿਲੇ ਇਕ
'ਹੋਰ ਮਿਲੇ' ਇਉਂ ਤੜਫੇ
ਮੁੜ ਦਰਸ਼ਨ ਦੇ, ਮੁੜ ਦਰਸ਼ਨ ਦੇ,
ਏ ਚਾਤ੍ਰਿਕ ਵਿਲਪਾਈ।੧੮.

(ਬੰਬਈ-੧੯੫੪)

## ਹੇ ਅਸਲੀਅਤ!

ਹੇ ਅਸਲੀਅਤ 'ਮੈਂ ਮੇਰੀ' ਦੀ,
ਕਦੇ ਤਾਂ ਇਸ ਤੋਂ ਨਿਖੜਿਆ ਕਰ।
ਲਾਹ ਕੇ ਉਪਰੋਂ ਓਪਰੇ ਕਪੜੇ,
ਰੰਗ ਆਪਣੇ ਨਿਖਰਿਆ ਕਰ।
ਮਤਾਂ ਕਿਤੇ ਉਹ ਅਸਲਾਂ ਮਾਲਕ,
ਰੀਝ ਪਵੇ ਤੈਂ ਨਿਖਰੀ ਤੇ।
ਮਾਰ ਲਵੇ ਕੋਈ ਜੱਫਾ ਤੈਨੂੰ,
ਜਫਿਓਂ ਫੇਰ ਨ ਨਿਕਲਿਆ ਕਰ।੧੯.

(ਬੰਬਈ-੧੩-੨-੧੯੫੨)

## ਜਦ ਆ ਜਾਂਦੇ ਹੋ

ਜਦ ਆ ਜਾਂਦੇ ਹੋ ਆਪਣੀ ਖੁਸ਼ੀ,
ਤਦ ਫੜ ਕੇ ਪਾਸ ਬਹਾਂਦੇ ਹੋ।
ਮਸਤਾਂਦੇ ਹੋ ਰਾਗ ਆਪਣੇ,
ਲੈ ਵਿਚ ਵਿਲੈ ਕਰਾਂਦੇ ਹੋ।
ਹਿੱਲਣ ਬੋਲਣ ਤਾਬ ਰਹੇ ਨਾ,
ਤਕ ਤਕ ਖੁਸ਼ੀ ਮਨਾਂਦੇ ਹੋ।
ਤਿਲਕਣ ਬਾਜ਼ੀ ਲਾਇ ਚੁਪਾਤੇ,
'ਮੋਹਿਆ' ਛਡ ਟੁਰ ਜਾਂਦੇ ਹੋ।੨੦.

(ਜੁਹੂ-੧੭-੩-੧੯੫੨)

## ਪਿਰਮ ਰਸ ਪਿਆਲਾ

ਪਿਰਮ ਰਸਾਂ ਦਾ ਜੇ ਮਿਲੇ ਪਯਾਲਾ,
ਲੁਕ ਲੁਕ ਡਰ ਡਰ ਪੀ!
ਇਕੋ ਵੇਰ ਡੀਕ ਨਾ ਲਾਵੀਂ,
ਘੁਟ ਘੁਟ ਭਰ ਭਰ ਪੀ!
ਪੀ ਕੇ ਹੋਸ਼ ਸੰਭਾਲੀ ਰੱਖੀਂ,
ਸੂਫ਼ੀਆਂ ਪਾਸੋਂ ਵਧਵੀਂ।
ਗੁੱਟ ਰਹੀਂ ਅੰਦਰੋਂ ਮਦ ਭਰਿਆ,
ਕਦੇ ਨ ਅਰਬਰ* ਥੀ। ੨੧.

(ਜੁਹੂ-੧੭-੨-੧੯੫੨)

## ਹੋਰ ਨ ਨਜ਼ਰੀਂ ਆਵੇ

ਮੈਂ ਅੰਨ੍ਹੀ ਨੂੰ ਨਿੱਤ ਸੁਆਰੇਂ
ਹਾਰ ਸ਼ਿੰਗਾਰ ਲਗਾਵੇਂ,
ਸੁੰਦਰਤਾ ਦਾ ਮੇਰੇ ਅੰਦਰ
ਸੁੱਤਾ ਨਾਦ ਜਗਾਵੇਂ!
ਰਸ ਮੱਤੀ ਇਸ ਜਾਗ ਅੰਦਰਲੀ
ਮੈਂ ਹੁਣ ਅੱਖਾਂ ਮੰਗਾਂ
ਵੇਖਾਂ ਕਿਵੇਂ ਦੀਦਾਰ ਤੁਹਾਡਾ
ਹੋਰ ਨ ਨਜ਼ਰੀਂ ਆਵੇ। ੨੨.

(ਡੇਹਰਾਦੂਨ)

---

* ਅਟਾਂਗ ਸ਼ਟਾਂਗ।

## ਜੁਦਾਈ

ਸ਼ਾਲਾ! ਕਹਿਰ ਕੀਤੋਈ ਡਾਢਾ,
ਘੜੀਓਈ ਜਦੋਂ ਜੁਦਾਈ,
ਐਪਰ ਬਿਨਾ ਜੁਦਾਈ ਕਿਸ ਨੇ
'ਪਰੇਮ-ਕੀਮ' ਸੀ ਪਾਈ?
ਧੁਪ ਨੂੰ ਛਾਉਂ, ਛਾਉਂ ਨੂੰ ਧੁਪ ਤਿਉਂ
ਮਿਲ ਵਿਛੁੜਨ ਰੰਗ ਲਾਵਨ
ਤੀਰ ਪ੍ਰੇਮ ਦੇ ਦੋਏ ਹਨ ਏ
ਝੱਲੇਂ ਤਾਂ ਸੁਖਦਾਈ। ੨੩.

(ਬੰਬਈ ੧੯੫੪)

## ਸਾਈਂ ਸਦਾ ਸੰਭਾਲ

ਰੌਲਾ ਪਾ ਨ ਡੰਡ
ਸਹਿਜੇ ਸਹਿਜੇ ਯਾਦ ਕਰ
ਜੋ ਤੇਰੇ ਹੈ ਸੰਗ
ਗ਼ਾਫ਼ਲ ਜਿਸ ਤੋਂ ਤੂ ਰਹੇਂ।੧।
ਸਾਈਂ ਸਦਾ ਸੰਭਾਲ
ਜੋ ਵੱਸੇ ਤੈਂ ਅੰਦਰੇ,
ਉਹ ਹੈ ਤੇਰੇ ਨਾਲ
ਸਹਿਜੇ ਸਹਿਜੇ ਯਾਦ ਰਖ।੨।
ਬੰਗਲੂ[1] ਪਵੇ ਜਿ ਯਾਦ ਦਾ
ਵਿਛੇ ਪਯਾਰ ਦੀ ਸੇਜ।
ਕਰ ਆਸਾ ਆ ਜਾਇ ਜੇ
ਪ੍ਰੀਤਮ ਸੈਲ ਮਜੈਜ[2]।੩।੨੪.

(ਕਸੌਲੀ-੧੪-੮-੧੯੫੧)

1. ਭੁਲ। 2. ਮੈਲੇ ਦਾ ਸ਼ੌਕੀਨ।

# ਲਾਲੀ ਲਾਲ ਨੂੰ

(ਰਾਗ ਮਾਲਾ ਦੇ ਇਕ ਚਿੱਤਰ ਨੂੰ ਵੇਖਕੇ)

ਗਲਵਕੜੀ ਸਾਡੀ ਬਿਧਮਾਤਾ,
ਐਸੀ ਰਚ ਨ ਸਕੀਵ।
ਖੁਲ੍ਹ ਨ ਸਕੇ ਕਦੀ ਰੰਗ-ਰਤੜੀ,
ਪਈ ਹੀ ਰਹੇ ਸਦੀਵ।
ਦੇਖ ਮੁਸੱਵਰ ਨੇ ਗਲਵਕੜੀ,
ਕਿਸ ਬਿਧਿ ਰਚਿ ਦਿਖਲਾਈ।
ਪਈ ਪਈ ਏ ਪਈ ਰਹੇਗੀ,
ਖੁਲ੍ਹ ਨ ਕਦੇ ਸਕੀਵ। ੨੫.

(ਕਸੌਲੀ-੧੪-੮-੧੯੫੬) -ਖਾ:ਸ: ੨੨-੨-੧੯੭੯

# ਜਲ ਥਲ ਕਰ ਦਿਓ

ਹੇ ਅਸਮਾਨ ਤੋਂ ਤਰੁਟ ਤਰੁਟ ਪੈਂਦੇ ਪਾਣੀਓ!
ਹੇ ਧਰਤੀ ਦਿਓ ਚੜ੍ਹੇ ਸੈਲੋ*!
ਹੇ ਨਦੀਆਂ ਨਦਾਂ ਦੇ ਉਮੰਡ ਤੂਫਾਨੋ!
ਨਾ ਡੋਬੋ, ਨਾ ਰੋੜੋ, ਨਾ ਵਹਾ ਲਿਜਾਓ
ਖੇਤੀਆਂ, ਪਿੰਡ, ਮਰਦ, ਪਸ਼ੂ, ਮਹਲ ਮਾੜੀਆਂ ਤੇ ਜ਼ਿਮੀਆਂ,
ਧਾਰੋ ਖਾਂ ਰੂਪ ਮੇਰੇ ਸਾਈਆਂ ਜੀ ਦੀਆਂ ਮਿਹਰਾਂ ਦਾ,
ਕੂਲੇ ਕੂਲੇ ਕਦਮਾਂ ਦੀ ਛੁਹ ਲੈ ਆਓ,
ਰੋੜ੍ਹ ਲਿਜਾਓ ਮੇਰੀਆਂ ਗ਼ਫ਼ਲਤਾਂ,
ਉਕਾਈਆਂ, ਬੇ-ਪਰਵਾਹੀਆਂ,
ਭਰ ਦਿਓ ਮੇਰੇ ਪਿਆਰਾਂ ਵਾਲੇ ਸੁਕਦੇ ਸਰੋਵਰ,
ਜਲ ਥਲ ਕਰ ਦਿਓ ਮੇਰੇ ਬਿਰਹੋਂ ਦੇ ਮਾਰੂ ਥਲੇ। ੨੬.

(ਕਸੌਲੀ-੨੩-੮-੧੯੫੨)

---
* ਪਰਬਤੋ।

## ਲੜ ਲਾਏ ਦੀ ਲਾਜ

ਜਿਸਦੀ ਬਾਂਹ ਫੜੀਏ ਇਕ ਵਾਰੀ
ਉਸਦੀ ਲਾਜ ਨਿਬਾਹੀਏ।
ਇਕ ਵਾਰੀ ਜੋ ਕੀਤਾ ਆਪਣਾ
ਲਗਦੇ ਵਾਹ ਅਪਨਾਈਏ।
ਔਗੁਣ ਉਸਦੇ ਛਾਣੀਏ ਨਾਹੀਂ
ਅਪਨਾ ਬਿਰਦ ਰਖਾਈਏ।
ਭੁਲ ਸੁਧਰੀਵੇ ਬਖਸ਼ਿਸ਼ ਕੀਤਿਆਂ
ਬਖਸ਼ਿਸ਼ ਸਦਾ ਕਰਾਈਏ। ੨੭.

(੩੦-੭-੧੯੩੬)

## ਉਚੇ ਦਾ ਪਿਆਰ

ਉਹ ਹੈ ਪਯਾਰ ਫਰਸ਼ ਤੋਂ ਚਾਕੇ
ਨਜ਼ਰ ਅਰਸ਼ ਤੇ ਲੁਆਵੇ,
ਸੈ ਅਸਮਾਨੀਂ ਉਡਣ ਵਾਲੇ
ਮੋਢੇ ਖੰਭ ਉਗਾਵੇ।

ਭਰੇ ਹੀਏ ਵਿਚ ਚਾਉ ਅਮਿਟਵਾਂ
ਤਾਣ ਉਡਾਰੀ ਵਾਲਾ
ਫਰਸ਼ਾ ਤੋਂ ਮੋਹ ਤੋੜ ਤੋੜ ਕੇ
ਅਰਸ਼ਾਂ ਵਿਚ ਖਿਡਾਵੇ। ੨੮.

## ਹੁਸਨ ਮਨ ਦਾ, ਹੁਸਨ ਰੂਹ ਦਾ

ਅਜਬ ਸਰਕਾਰ ਹੈ ਤੇਰੀ 'ਹੁਸਨ ਦਾ ਮੁਲ ਪਿਆ ਜਿੱਥੇ।
ਹੁਸਨ ਮਨ ਦਾ, ਹੁਸਨ ਰੂਹ ਦਾ ਕਿ ਹੈਵੇ ਤੁਲ ਰਿਹਾ ਜਿੱਥੇ।

ਰਿਆਕਾਰੀ ਕਰਮ ਸਾਰੇ, ਧਰਮ ਕਰਨੇ ਦਿਖਾਵੇ ਦੇ,
ਹਠ ਧਰਮੀ ਤੇ ਤਪ ਸਾਰਾ ਹੈ ਐਵੇਂ ਰੁਲ ਰਿਹਾ ਜਿੱਥੇ।

ਤਗਾਦੇ ਛੋਡ ਦੇ ਸਾਰੇ ਦਿਲਾ! ਲੌ ਲਾ ਹੁਸਨ ਦੀ ਤੂੰ,
ਰਹੋ ਇਸ ਦੁਆਰ ਤੇ ਘੁੰਮਦਾ ਹੁਸਨ ਪਰਫੁਲ ਰਿਹਾ ਜਿੱਥੇ।

ਗੁਨਹਗਾਰੀ ਤੈਂ ਧੋ ਹੋਸੀ, ਹੁਸਨ ਦੇ ਜ਼ੋਰ ਧੁਪ ਜਾਸੀ,
ਹੁਸਨ ਸਾਗਰ ਨੂੰ ਜਾ ਮਿਲਸੇਂ, ਹੁਸਨ ਘੁਲ ਮਿਲ ਰਿਹਾ ਜਿੱਥੇ।

ਸਿਦਕ ਦੀ ਰਾਸ ਪੱਲੇ ਬੰਨ੍ਹ, ਹੁਸਨ ਵਾਪਾਰ ਕਰਦਾ ਤੁਰ,
ਹੁਸਨ ਦੇ ਦੇਸ਼ ਪਹੁੰਚੇਂਗਾ, ਹੁਸਨ ਹੈ ਖੁਲ ਰਿਹਾ ਜਿੱਥੇ।

ਹੁਸਨ ਸੁਹਣੇ ਨੂੰ ਰਖ ਨਜ਼ਰੇ; ਹੁਸਨ ਦਿਲ ਦਾ ਵਧਾਈ ਜਾ,
ਹੁਸਨ ਦਰਬਾਰ ਜਾ ਮਿਲਸੇਂ, ਹੁਸਨ ਘੁਲ ਮਿਲ ਰਿਹਾ ਜਿੱਥੇ।੨੯॥

(ਕਸੌਲੀ ੫-੯-੧੯੫੦)

# ਖਿਮਾ ਸੰਜੋਅ*

ਧਾਰੀ ਹੈ 'ਖਿਮਾ' ਮਾਨੋ ਧਾਰੀ ਹੈ 'ਸੰਜੋਅ',
ਢਾਲ ਰਖਯਾ ਕਾਰਨੀ ਪਿਆਰੀ ਹੈ ਸੰਜੋਅ।

ਵੈਰੀਆਂ ਦੇ ਵਾਰ ਖੜਗ 'ਖਿਮਾ' ਦੀ ਹਟਾਏ,
ਢਾਲ, ਤਲਵਾਰ, ਰਖਯਾਕਾਰੀ ਹੈ ਸੰਜੋਅ।

ਗਿਆਨ ਵਾਲੇ ਚਾਨਣੇ ਦੀ ਚਿਮਨੀ ਹੈ ਖਿਮਾ,
ਐਸਾ ਗਯਾਨ ਦੇਂਵਦਾ ਏ ਮਿੱਠੀ ਮਿੱਠੀ ਲੋਅ।

ਠੰਢ ਦੋ ਦਿਲਾਂ ਨੂੰ ਏ ਪਾਂਦੀ ਹੈ ਖਿਮਾ,
ਅੱਥਰੂ ਚਾਰ ਅਖੀਆਂ ਦੇ ਰੋਕੇ ਵਿਚ ਖਲੋਅ।

ਵਾਰ ਕਰਨਾ ਸੌਖਾ ਪਰ ਅਉਖੀ ਹੈ ਖਿਮਾ,
ਸੂਰਮਾ ਜੋ ਧਾਰ ਏਸ, ਵਿਰਲਾ ਕੋਈ ਕੋਅ।

ਅਉਖਾ ਭਾਵੇਂ ਕੰਮ ਹੈ ਪੈ ਧਾਰੀਓ ਖਿਮਾ,
ਗਹਿਣਾ ਹੈ ਵਡਿਤ ਦਾ, ਫ਼ਕੀਰੀ ਦੀ ਸੰਜੋਅ। ੩੦.

(ਕਸੌਲੀ-੬-੯-੧੯੫੦)

* ਖਿਮਾਂ ਦਾ ਕਵਚ।

# ਹੱਕ ਦੀ ਪਛਾਣ

ਸਭ ਕੋਈ ਹੱਕ ਪਛਾਣਦਾ-ਆਪਨਾ ਆਪਣਾ ਹੱਕ।
'ਪਰ ਦਾ ਹੱਕ' ਪਛਾਣਦਾ, ਵਿਰਲਾ ਬੰਦਾ ਹੱਕ।

ਇਸ ਅਨਸਮਯਾਣੂ ਰਵਸ਼ ਤੋਂ, ਦੂਨੀ ਸੁਹਾਵਾ ਬਾਗ਼।
ਬਨ ਦੁੱਖਾਂ ਦਾ ਬਣ ਗਿਆ, ਕਉੜਤਣ ਲਾ-ਹੱਕ।

ਫ਼ਰਜ਼ ਪਛਾਣੇ ਆਪਣਾ, ਆਪਣੇ ਹੱਕ ਦੇ ਨਾਲ।
ਅਪਣਾ ਫ਼ਰਜ਼ ਪਛਾਣਕੇ, ਫੇਰ ਪਛਾਣੇ ਹੱਕ।

ਧੱਕਾ ਧੋੜਾ ਨਾ ਕਰੋ, ਸਭ ਦਾ ਚਿਤਵੋ ਸੁੱਖ।
ਦੁੱਖ ਨ ਦੇਣਾ ਕਿਸੇ ਜੀਅ, ਕਰਨਾ ਨਾ 'ਨਾ-ਹੱਕ'।

'ਇਕ-ਤੁਲਨਾ' ਜਗ ਵਰਤਸੀ, ਜਿਸ ਦਾ ਸਿੱਟਾ ਸੁੱਖ।
ਸਭ ਦੇ ਹਿੱਸੇ ਆਵਸੀ, ਸਭ ਨੂੰ ਪਹੁੰਚੇ ਹੱਕ।੩੧.

(ਰਾਜ ਵਿਲਾ, ਕਸੌਲੀ ੨੭-੮-੧੯੫੦)
-ਖਾ:ਸ: ੧੨-੧੦-੧੯੭੮

# ਖ਼ਸ ਦੇ ਤੀਲੇ ਤੇ ਗੁਲਾਬ

ਖ਼ਸ ਦੇ ਤੀਲੇ ਬੋਲ ਪਏ ਤੇ ਮੱਧਮ ਧੁੰਨਿ ਇਕ ਲਾਈ:
"ਸੁਣ ਗੁਲਾਬ! ਤੂੰ ਮਹਿਕ ਆਪਣੀ ਦੀ ਐਡੀ ਧੂਮ ਮਚਾਈ?
"ਫੁੱਲਾਂ ਨੂੰ ਹੀ ਨਿਰੀ ਮਹਿਕ ਹੈ ਰਬ ਨੇ ਨਹੀਂ ਲਗਾਈ,
"ਨੀਵੇਂ ਅਸਾਂ ਤੀਲਿਆਂ ਅੰਦਰ ਬੀ ਸੁਗੰਧਿ ਹੈ ਪਾਈ।"
ਖਿੜ ਗੁਲਾਬ ਨੇ ਹਸ ਹਸ ਤਕ ਤਕ ਨੀਵੀਂ ਨੀਝ ਲਗਾਈ,
ਆਖੇ: "ਸੋਣੋ! ਸਲਾਹੁਤ ਅਪਣੀ ਮੈਨੂੰ ਕਦੇ ਨ ਭਾਈ,
"ਰਚਣਹਾਰ ਨੇ ਰੂਪ ਗੰਧਿ ਦੀ ਮੈਂ ਵਿਚ ਹੱਟੀ ਪਾਈ।
"ਮੈਥੋਂ ਉਚ ਜਾਤੀ ਦੀ ਬੁਲਬੁਲ ਕਦਰ ਓਸ ਆ ਪਾਈ,
"ਜੋ ਕੁਛ ਰੌਲਾ ਪਵੇ ਜਗਤ ਵਿਚ ਬੁਲਬੁਲ ਧੂਮ ਮਚਾਈ,
"ਗਾਵੀਵਣਹਾਰ, ਗਵਾਵਣਹਾਰਾਂ ਸੁਹਣੀ ਮੌਜ ਬਣਾਈ,
"ਕਿਰਤਾਰਥ ਹੋ ਰਹੇ ਅਸੀਂ ਹਾਂ ਸਾਡੀ ਕੁਛ ਨ ਵਡਾਈ:" ੩੨.

# ਇਸ਼ਕ ਦੀ ਅੱਗ

ਬਲ ਪਉ ਅੱਗ ਇਸ਼ਕ ਦੀ ਭੜ ਭੜ 'ਅਨ-ਇਸ਼ਕੀ' ਸਭ ਸੱਟੀਂ ਸਾੜ,
ਆੜ ਆੜ ਜੋ ਲੁਕੇ ਪਾਪ ਪੁੰਨ ਫੜ ਫੜ ਇਸ ਭਾਂਬੜ ਵਿਚ ਵਾੜ।
'ਅਨ-ਆਪਾ' ਅਣਹੋਇਆ ਮੇਰਾ ਸੜ ਸੜ ਇਸ ਵਿਚ ਹੋਵੇ ਰਾਖ,
ਰਹਿਮਤ ਮੀਂਹ ਕਮਲਾ ਹੋ ਵੱਸੇ ਕੜ ਕੜ ਧੜ ਧੜ ਗਗਨਾ ਪਾੜ।
'ਮੈਂ ਤੇਰਾ, ਮੈਂ ਤੇਰਾ' ਗਾਂਦਾ ਆਪਾ ਮੇਰਾ ਹੁਸਨ ਵਜੂਦ,
ਚਰਨ ਸ਼ਰਨ ਵਰਨ ਇਕ ਵਰਨੀ ਰਹੇ ਵਿਚ ਨਾ ਕੋਈ ਆੜ।
ਫੇਰ ਕਦੇ ਨ ਵਿੱਥ ਵਾਪਰੇ ਦੂਰ ਹਜ਼ੂਰੀ ਕਦੇ ਨ ਹੋਇ,
ਸਦਾ ਹਜ਼ੂਰੀ, ਸਦਾ ਹਜ਼ੂਰੀ, ਪ੍ਰੀਤਮ ਚਰਨੀਂ ਐਸਾ ਵਾੜ। ੩੩.

# ਦਿਲਗੀਰੀਆਂ ਨੂੰ ਦੂਰ ਕਰ

ਦਿਲਗੀਰੀਆਂ ਨੂੰ ਦੂਰ ਕਰ, ਦਿਲ-ਤੰਗੀਆਂ ਨੂੰ ਪਰੇ ਸੁੱਟ,
ਦਿਲਿ ਹੈਕੜਾਂ ਨਾ ਵੜਨਦੇ ਦਿਲ-ਝਵੀਂ ਨੂੰ ਤੂੰ ਜੜੋਂ ਪੁੱਟ।

ਘਾਟੇ ਨਫ਼ੇ ਦੁਖ ਸੁੱਖ ਆਕੇ ਘੇਰਦੇ ਇਨਸਾਨ ਨੂੰ
ਇਨਸਾਨ ਨੇ ਰਹਿਣਾ ਨਹੀਂ ਦੁਖ ਜਾਣਗੇ ਸਭ ਖੁੱਟ ਨਿਖੁੱਟ।

ਰੰਞਾਣ ਨਾ ਇਸ ਜਿੰਦ ਨੂੰ ਇਸ ਸ਼੍ਰੀਫ ਨੂੰ ਸੁਖ ਲੈਣ ਦੇ,
ਏ ਸ਼੍ਰੀਫ ਤੇਰੀ ਜਿੰਦੜੀ ਇਸ ਨੂੰ ਪਿਆ ਨ ਮਾਰ ਕੁੱਟ।

ਭਰ ਪ੍ਰੇਮ ਦੇ ਰਸ ਪਯਾਲਿਓਂ ਨਿੱਕਾ ਜਿਹਾ ਇਕ ਵਾਰ ਘੁਟ,
ਭਰ ਭਰ ਕੇ ਪੀ ਫਿਰ ਸ੍ਵਾਦ ਲਾ ਲਾ ਵੀਂਵਦਾ ਹੋ ਜਾਇੰ ਗੁੱਟ।

ਮਹਿਫ਼ਲ ਲਗੇ ਰਸ ਰੰਗ ਦੀ ਦਫ਼ ਚੰਗ ਨਾਲੇ ਪੈ ਵਜਨ,
ਭੁਲ ਜਾਇ ਟੂਕ ਧੰਧਾਲ ਨੂੰ ਟੂਕ ਬੇਖ਼ੁਦੀ ਦੀ ਮੌਜ ਲੁੱਟ।

ਖੜ੍ਹਕੇ ਖ਼ੁਦੀ ਦੇ ਕੇਂਦਰ ਤੇ ਘੁੰਮ ਜਾ ਦੁਆਲੇ ਬੇਖ਼ੁਦੀ,
ਭੁਲ ਜਾਣ ਤਦ ਦਿਲਗੀਰੀਆਂ ਆਪੇ ਹੀ ਜਾਵਣ ਓ ਨਿਖੁਟ।

ਸੁਣ! ਏ ਨਸ਼ਾ ਜੇ ਪੀ ਲਵੇਂ 'ਸਦ ਹੋਸ਼' ਦਾ ਮਾਲਕ ਰਹੇਂ।
ਕਮ-ਅਕਲੀਆਂ, ਦਿਲ-ਤੰਗੀਆਂ ਸਭ ਜਾਣ ਛੁਟ, ਹਾਂ ਜਾਣ ਛੁੱਟ।੩੪

# ਐਉਂ ਨਹੀਂ ਐਉਂ

ਪੀਣ ਲਗੀ ਭਰਿ ਜ਼ਹਿਰ ਪਿਆਲਾ
ਸੁਖ ਨੀਂਦੇ ਸਉਂ ਜਾਉਂ।
‘ਦੁੱਖ ਵਿਛੋੜੇ’ ਤੋਂ ਛੁਟ ਜਾਵਾਂ
ਅਪਣੀ ਅਲਖ ਮੁਕਾਉਂ।
ਦਰਦੀ ਹੱਥ ਕਿਸੇ ਦਰਦਣ ਦੇ
ਆ ਵੀਣੀ ਫੜ ਲੀਤੀ,
ਪਰਵਾਨੇ ਵਲ ਧਯਾਨ ਦੁਆ ਕੇ,
ਕਿਹਾ: ‘ਐਉਂ ਨਹੀਂ ਐਉਂ’। ੩੫.

# ਆਯਾ ਹਾਂ ਪਯਾਰ ਕਰਨੇ

ਆਯਾ ਹਾਂ ਪਯਾਰ ਕਰਨੇ, ਕਰਸਾਂ ਪਿਆਰ ਕਰਸਾਂ,
ਜੀਵਾਂ ਏ ਪ੍ਰੇਮ ਜੀਵਨ, ਵਿਚੇ ਪਿਆਰ ਟੁਰਸਾਂ।

ਕੋਈ ਜਿ ਵੈਰ ਕਰਦਾ, ਉਸ ਤੇ ਤਰਸ ਮੈਂ ਖਾਵਾਂ
ਵੈਰੀ ਨੂੰ ਪਯਾਰ ਕਰਨਾ, ਕਰਦਾ ਨ ਪਯਾਰ ਰੁਕਸਾਂ।

ਕੋਈ ਨ ਓਪਰਾ ਹੈ, ਵੈਰੀ ਨ ਕੋਈ ਮੈਨੂੰ,
ਕੀਤੀ ਬਦੀ ਕਿਸੇ ਦੀ ਹਿਰਦੇ ਕਦੀ ਨ ਧਰਸਾਂ।

ਕਰਕੇ ਪਿਆਰ ਦੱਸਾਂ, ਕਰਨਾ ਮੈਂ ਹਿਤ ਸਿਖਾਵਾਂ,
ਮੁਰਦੇ ਜਿਵਾਇ ਦੇਸਾਂ ਜੀਵਨ ਪਰੇਮ ਭਰਸਾਂ। ੩੬.

# ਪ੍ਰਾਰਥਨਾ

ਹੇ ਸੁੰਦਰ! ਹੇ ਸੁੰਦਰਮ੍! ਹੇ ਪੂਰਨ ਸਰਵੱਤ੍ਰ!
ਆਨੰਦਮ੍ ਆਨੰਦ ਤੂੰ! ਹੇ ਤੂੰ ਪਰਮ ਪਵਿੱਤ੍ਰ!

ਹੈਂ ਤੂੰ, ਸੈਂ ਤੂੰ, ਹੋਵਸੇਂ, ਚੈਤਨਮ੍ ਚੇਤੰਨ,
ਲੀਲ੍ਹਾ ਤਊ ਅਨੂਪਮੰ ਚਿੱਤ੍ਰਮ੍ ਪਰਮ ਵਚਿੱਤ੍ਰ।

ਵਿਸਮਾਦਮ੍ ਵਿਸਮਾਦ ਹੈਂ ਤੇਰਾ ਖੇਲ ਪਰੇਮ,
ਪਾਦ ਪਦਮ ਪਰ ਬੰਦਨਾ, ਹੇ ਫਬਨਾ ਦੇ ਮਿੱਤ੍ਰ!

ਵੈਰਾਗਮ੍ ਅਨੁਰਾਗ ਤੂੰ! ਪ੍ਰੇਮੀ, ਪ੍ਰੀਤਮ, ਪ੍ਰੇਮ!
ਬੰਦਉਂ ਬਾਰਮ੍ ਬਾਰ ਮੈਂ ਹੇ ਅਵਿਚਿੱਤ੍ਰ ਵਚਿੱਤ੍ਰ!

ਕਰਤਾ, ਭਰਤਾ, ਖੇਲਤਾ; ਖੇਲਤ ਰਹੋ ਅਲੇਪ,
ਪਾਰਬ੍ਰਹਮ ਪੁਰਖੋਤਮੰ ਵਿਸਤ੍ਰਿਤ ਧਰਤਿ ਨਖਯਤ੍ਰ!

ਸੁਹਣਿਆਂ ਦਾ ਸੁਹਣਾ ਤੁਈਂ, ਸਰਬ ਸੁਹਜ ਦਾ ਮੂਲ
ਪ੍ਰਤਿਬਿੰਬਮ੍ ਤੈਂ ਸੁਹਜ ਦਾ ਸੁਹਜ ਜੁ ਵਿੱਚ ਜਗੱਤ੍ਰ

ਸ਼ਰਣਾਗਤ ਸ਼ਰਣਾਗਤਮ੍ ਸ਼ਰਣ ਸ਼ੂਰ ਹੇ ਆਪ,
'ਸੁੰਦਰ ਸ਼ਰਣਿ' ਫਬਾਉ ਮੈਂ, ਹੇ ਸੁੰਦਰ ਛਬਿ ਚਿੱਤ੍ਰ! ੩੭.

# ਖ਼ੁਦੀ ਤੇ ਬੇਖ਼ੁਦੀ

ਖ਼ੁਦ 'ਖ਼ੁਦੀ' 'ਮਰਕਜ਼ ਖ਼ੁਦੀ', ਮਰਕਜ਼ ਤੇ ਟਿਕਕੇ ਸੁਹਣਿਆਂ!
ਘੁੰਮ ਜਾਹ ਦੁਆਲੇ ਖ਼ੁਦੀ ਦੇ, ਮਰਕਜ਼ ਤੇ ਆਪਣਾ ਰੱਖ ਪਾਵ।
ਮਰਕਜ਼ ਟਿਕੇ ਟਿਕ ਖੇਲਣਾ, ਇਹ ਖੇਲ ਹੈ 'ਨਟ-ਰਾਜ' ਦੀ
ਏਕ ਪਦ ਮਰਕਜ਼ ਟਿਕੇ, ਘੁੰਮ ਜਾਇ ਦੁਆਲੇ ਦੂਜ ਪਾਵ।
ਤੂੰ ਦੇਖ ਪੇੜ ਗੁਲਾਬ ਨੂੰ: ਜੋ ਟਿਕ ਕੇ ਆਪਣੇ ਪੈਰ ਤੇ,
ਖੇੜੇ ਵਸੇਂਦਾ ਆਪ ਹੈ, ਖੇੜੇ ਸੁਗੰਧੀ ਦਏ ਲਾਵ।
ਸੂਰਜ ਨੂੰ ਬਿਦ ਕੇ ਮਰਕਜ਼, ਅਪਣੇ ਮਰਕਜ਼ ਤੇ ਘੁੰਮੇ
ਦੇਖ ਧਰਤੀ ਲਹਿ ਲਹੀ, ਹੈ ਜੀਵ ਪਾਲੇ, ਦਏ ਚਾਵ।
ਘੁੱਥੀ ਜੁ ਬਿਜਲੀ ਮਰਕਜ਼ੋਂ, ਮਰਕਜ਼ ਢੂੰਡੇਂਦੀ ਹੈ ਫਿਰੇ
ਗਗਨਾਂ ਚੜੀ ਬੀ ਤੜਫਦੀ, ਡਿੱਗੇ ਤਾਂ ਮਰਕਜ਼ ਵੱਲ ਜਾਵ।
ਮਰਕਜ਼ ਖ਼ੁਦੀ ਦਾ ਭਾਲਕੇ ਓਸੇ ਤੇ ਹੈ ਟਿਕ ਜਾਵਣਾ,
ਦੂਜੀ ਖ਼ੁਦੀ ਨੂੰ ਫੇਰਨਾ, ਬੇਖ਼ੁਦੀ ਦਾ ਹਈ ਭਾਵ।
ਬੇਖ਼ੁਦੀ ਯਾਦਾਂ ਦੀ, ਸਖੀਏ! ਲਿਵ ਵਿਖਖੇ ਲੈ ਜਾਂਵਦੀ,
ਹਾਂ, ਹੋਸ਼ ਉੱਚੀ ਲਾ ਦਏ, ਮਰਕਜ਼ ਦਾ ਦੇਂਦੀ ਹੈ ਟਿਕਾਵ।
ਮੂਰਛਾਂ, ਬੇਹੋਸ਼ੀਆਂ ਨਾ ਬੇਖੁਦੀ ਕਰ ਜਾਣੀਓ,
ਢੱਠੇ ਦਿਲਾਂ ਕਮਜ਼ੋਰੀਆਂ, ਨਾ ਬੇਖ਼ੁਦੀ ਦਾ ਦਿਓ ਨਾਵ।
ਮੂਸਾ ਨੇ ਕਹਿਆ ਤੂਰ ਤੇ, 'ਰੱਬਾ! ਦਿਖਾ ਮੂੰਹ ਆਪਣਾ',
ਅਵਾਜ਼ ਆਈ, 'ਮੈਂ ਅਹੰ' ਕਿ 'ਮੈਂ ਅਹੰ' ਤੂੰ ਤਾਬ ਲਿਆਵ।
ਤਾਬ ਨਾ ਸੋ ਝੱਲਣੇ ਦੀ ਡਿਗ ਪਿਅੰਬਰ ਸੀ ਪਿਆ
'ਬੇਖ਼ੁਦੀ' ਸੀ ਹੋ ਗਈ ਜਦ 'ਬਾ-ਖ਼ੁਦਾ' ਸੀ ਹੋ ਗਿਆਵ। ੩੮.

# ਲੈ ਚਲ ਆਪਣੇ ਦੇਸ਼

ਲੈ ਚੱਲ ਆਪਣੇ ਦੇਸ਼, ਪੀਆ ਹੁਣ
ਲੈ ਚੱਲ ਆਪਣੇ ਦੇਸ਼।

ਦੇਸ਼ ਬਿਦੇਸ਼ ਹੋ ਗਿਆ ਅਪਣਾ,
ਤੇਰਾ ਦੇਸ਼ ਸ੍ਵਦੇਸ਼।

ਅੰਗਨ ਹੋ ਪਰਦੇਸ਼ ਗਿਆ ਏ,
ਓਪਰੇ[1] ਆਪਣੇ ਖ਼ੇਸ਼[2]।

ਲੈ ਚੱਲ ਆਪਣੇ ਦੇਸ਼, ਪੀਆ!ਹੁਣ,
ਲੈ ਚੱਲ ਅਪਣੇ ਦੇਸ਼।

ਸਖੀ ਸਹੇਰੀ ਲਗਣ ਬਿਗਾਨੀ,
ਹੱਸਣ ਖਿੜਨ ਕਲੇਸ਼।

ਲਗੇ ਨ ਦਿਲ ਕਿਸਿ ਆਹਰ ਲਾਇਆਂ,
ਜਾਂਦੀ ਕੁਈ ਨ ਪੇਸ਼।

ਲੈ ਚੱਲ ਕੋਲ ਤੇ ਕੋਲੇ ਰੱਖੀਂ,
ਰਖੀਂ ਕੋਲ ਹਮੇਸ਼।

ਲੈ ਚੱਲ ਅਪਣੇ ਦੇਸ਼, ਪੀਆ ਹੁਣ,
ਲੈ ਚੱਲ ਅਪਣੇ ਦੇਸ਼। ੩੯.

---

1. ਓਪਰੇ=ਜਿਨ੍ਹਾਂ ਨਾਲ ਉਪੇਕਸ਼ਾ ਹੋ ਗਈ।
2. ਖ਼ੇਸ਼=ਪਰਾਏ।

# ਰਿਵੀ ਸੁਹਾਵੀ

ਬੜੀ ਤੜਕੇ ਰਿਵੀ ਆਈ ਸੁਹਾਈ,
ਕਹੇ, ਤੈਂ 'ਦੇਸ਼-ਪ੍ਰੀਤਮ' ਤੋਂ ਹਾਂ ਆਈ।
ਹੁਈਆਂ ਸੀਤਲ ਛੁਹ ਉਸ ਖ਼ੁਨਕਾਂ ਦੇ ਘਰ ਨੂੰ।
ਤੁਧੇ ਦੇ ਵਾਸਤੇ ਓਹ ਖ਼ੁਨਕੀ ਲਿਆਈ।
ਬਿਖਰ ਰਹੀਆਂ ਸੀ ਜ਼ੁਲਫ਼ਾਂ ਲਾਲ ਸੰਦੀਆਂ,
ਲਗੇ ਗਲ ਨਾਲ ਮੈਂ ਉਨ੍ਹ ਛੋਹ ਪਾਈ।
ਉਹ ਖੁਸ਼ਬੋਈ ਲਯਾਈਆਂ ਨਾਲ ਆਪਣੇ,
ਉਠੀਂ ਬਿਸਤਰ ਤੋਂ ਲੈ ਲਾਲਨ ਤੋਂ ਆਈ।
ਸੁਗੰਧੀ ਲਾਲ ਦੀ ਲੈ ਝੂਮ ਆਣੀ।
ਕਿਸਲ[1] ਜਗਰਾਤਿਆ ਦੀ ਫਿਸਲ ਜਾਈ।
ਕਈ ਨਖ਼ਰੇ ਅਦਾਵਾਂ ਨਾਜ਼ ਉਸਦੇ,
ਲੁਕਾ ਵਿਚ ਚਾਲ ਅਪਨੀ ਲੇ ਹਾਂ ਆਈ।
ਤੁਧੇ ਨੂੰ ਲਾ ਦਿਆਂ ਗ਼ਮਜ਼ੇ ਅਨਯਾਲੇ,
ਰੁਕਮ ਪੈ ਜਾਇ ਹੁਸਨਾ ਦੀ ਜੋ ਜਾਈ।
ਉਹ ਨਰਗਸ ਵਾਂਙ ਮਸਤੇ 'ਨੈਣ-ਪ੍ਰੀਤਮ'
ਨਜ਼ਰ ਇਕ ਪਾ ਰਹੇ ਸਨ ਆਲਸਾਈ।
ਨਿਸ਼ਾਨਾ ਬਨ ਉਠੀਕੇ[2] ਉਸ ਨਜ਼ਰ ਦਾ,
ਜਿਨੇ ਛਹਿਬਰ ਹੈ ਨੂਰਾਂ ਦੀ ਲਗਾਈ।
ਸਬਾ ਦੇਂਦੀ ਸੁਨੇਹੇ ਲੰਘ ਗਈ ਓ,
ਗਈ ਹੁਸਨਾਂ ਦੀ ਕੋਮਲ ਛੁਹ ਲਗਾਈ। ੪੦.

(ਬੰਬਈ ੨੮-੨-੧੯੫੦)

1. ਕਿਸਲ=ਦੁਖ। 2. ਉਠ ਖੜਾ ਹੋਕੇ।

# ਮੁਸ਼ਕੀ ਬਹਾਰ

ਤੇਰੇ ਬਗੀਚੇ
ਮੁਸ਼ਕਿਆ ਏ ਬੇਦ-ਮੁਸ਼ਕ
ਖਿੜ ਪਈਏ ਬਹਾਰ,
ਮੈਂ ਸੁਣਿਐਂ
ਅਤਾਰ ਆ ਪਹੁੰਚਾ ਤੈਂ ਦੁਆਰ,
ਵੜ ਗਿਆ ਬਗੀਚੇ
ਤੋੜ ਲਵੇਗਾ ਫੁੱਲ
ਲੁਟ ਲਏਗਾ ਬਹਾਰ।

ਪਾਏਗਾ ਦੇਗ, ਚਾੜ੍ਹੇਗਾ ਭੱਠੀ
ਖਿੱਚ ਲਊ ਸੁਗੰਧੀ
ਫੇਰ ਮਾਰੂ ਵਗਾਹ ਕਰਕੇ ਫੁੱਲਾਂ ਦਾ ਫ਼ੋਗ
ਕਰਕੇ ਭੁਲਾਂ ਦਾ ਸੋਗ।

ਹੁਣ ਵੇਲਾ ਏ, ਹੋ ਹੁਸ਼ਯਾਰ!
ਖ਼ਬਰਦਾਰ! ਖ਼ਬਰਦਾਰ!
ਆਪਣੀ ਮੁਸ਼ਕੀ ਬਹਾਰ, ਰੱਖੀਂ ਸੰਭਲ ਸੰਭਾਲ
ਉਠ ਕਰ ਅਰਦਾਸ।

'ਸਾਈਆਂ! ਨਜ਼ਰ ਟਪਾਰ, ਲਗੇ ਨ ਮੇਰੀ ਬਹਾਰ,
'ਰਹੇ ਮੁਸ਼ਕੀ ਹਮੇਸ਼'
ਮੇਰੇ ਸਾਂਈਆਂ! ਹਮੇਸ਼। ੪੧.

(ਕਸੌਲੀ-੧੨-੯-੧੯੫੨)

# ਕਰੇਂ ਅੱਛਾ ਸਦਾ ਅੱਛਾ

ਕਰੇਂ ਅੱਛਾ, ਕਰੇਂ ਅੱਛਾ, ਕਰੇਂ ਜੋ ਕੁਛ ਸਦਾ ਅੱਛਾ,
ਕਹਾਂ ਉਸਨੂੰ ਸਦਾ ਅੱਛਾ, ਜੁ ਕਰਸੇਂ ਤੂੰ ਖ਼ੁਦਾ ਅੱਛਾ।

ਕਰੇਂ ਅੱਛਾ, ਕਹਾਂ ਅੱਛਾ, ਮੈਂ ਮਨ ਵਿਚ ਬੀ ਮਨਾਂ ਅੱਛਾ,
ਲਗੇ ਅੱਛਾ, ਲੁਆ ਅੱਛਾ, ਕੀਆ ਤੇਰਾ ਸਦਾ ਅੱਛਾ।

ਵੰਡੀਵੇ ਖੈਰ ਦਰ ਤੇਰੇ, ਕਹਿਣ ਅੱਛੇ ਇਹ ਗਲ ਅੱਛੀ,
ਪਵੇ ਇਹ ਖ਼ੈਰ ਮੈਂ ਝੋਲੀ, ਤਿ ਕਰ ਦਿਸਦੀ ਸਦਾ ਰੱਛਾ।

ਪਏ ਗੁੰਝਲ ਮਨੁਖਾਂ ਨੂੰ, ਵਲੇਵੇਂ-ਦਾਰ ਹੋ ਰਹੇ ਹਨ,
ਜਿਨ੍ਹੂੰ ਪਰਖੋ ਉਹੀ ਗੁੱਛਾ, ਉਹੋ ਹੈ ਫੈਣੀਆਂ ਲੱਛਾ।

ਰਜ਼ਾ ਤੇਰੀ ਤੋਂ ਵਿਛੜ ਕੇ, ਕਿ ਮਰਜ਼ੀ ਰਖ ਰਜ਼ਾ ਤੋਂ ਵੱਖ,
ਸੁਰਤ ਨੂੰ ਪੈਣ ਵਲ ਤੇ ਵਲ, ਬਣੇ ਏ ਗੁੰਝਲਾਂ ਲੱਛਾ।

ਨਿਕਲ ਜਾਵਣ ਏ ਵਲ ਸਾਰੇ, ਤੇਰੀ ਇਕ ਮੇਹਰ ਦਾ ਸਦਕਾ,
ਲਗਾ ਦੇਵੇਂ ਕਲਸ਼ ਆਪਣੀ, ਖਿਚਾ ਦੇਵੇਂ ਖਿਚਾਅ ਅੱਛਾ।

ਉਲਝ ਮਨ ਦੇ ਸੁਲਝ ਜਾਵਨ, ਖੁਲਣ ਗੁੰਝਲ ਖਿੜਨ ਲੱਛੇ,
ਸਰਲ ਹੋ ਜਾਇ ਮਨ ਸੂਛਾ, ਬਨਾ ਮੈਨੂੰ ਖ਼ੁਦਾ ਅੱਛਾ।

ਕਰੇਂ ਅੱਛਾ, ਕਹਾਂ ਅੱਛਾ, ਰਹਾਂ ਅੱਛਾ ਇਹ ਕਹਿੰਦਾ ਮੈਂ
ਲੁਆ ਮਿਠੀ ਰਜ਼ਾ ਆਪਣੀ, ਕਿ ਤੂੰ ਹੈਂ ਰੱਬ ਮਿਠਾ ਅੱਛਾ। ੪੨.

(ਕਸੌਲੀ ੨੯-੮-੧੯੫੦ -ਖਾ:ਸ: ੧-੩-੧੯੭੯)

# ਬੁਲ ਬੁਲ

ਮੈਂ ਗੀਤ ਅਪਨਾ ਕਿਸੇ ਨੂੰ ਨਾ ਸੁਣਾਨੀ,
ਨਾ ਮੰਗਦੀ ਮਾਯਾ, ਨਾ ਕਦਰ ਦਾਨੀ,
ਮੈਂ ਗੀਤ ਅਪਨਾ ਹਾਂ ਆਪੂੰ ਨੂੰ ਸੁਣਾਵਾਂ,
ਤੇ ਦਸਤਕ ਓਸਦੇ ਹਾਂ ਦਰ ਤੇ ਲਾਵਾਂ।
ਜੋ ਬਿਨ ਕੰਨਾਂ ਹਜ਼ਾਰਾਂ ਕੰਨ ਵਾਲਾ,
ਗ਼ਨੀ ਸੁਣਨੋ, ਪੈ ਕੂਲੇ ਮੰਨ ਵਾਲਾ।
ਜੋ 'ਚੁਪ-ਨਗ਼ਮੇ' ਕਿ ਦਿਲ ਵਿਚ ਹੋ ਰਹੇ ਹਨ,
ਜੋ ਦਿਲ ਵਿਚ ਜਾਗਦੇ ਕਿ ਸੌਂ ਰਹੇ ਹਨ।
ਉਹ ਸੁਣਾ ਲੈਂਦਾ ਪੈ ਮਾਨੋ ਅਨਸੁਣੇ ਹਨ,
ਕਦੇ ਸੋਚਣ ਤੋਂ ਪਹਿਲੇ ਉਸ ਸੁਣੇ ਹਨ,
ਕਦੇ ਮੇਰੀ ਜੇ ਇਹ ਨਗ਼ਮਾ-ਸਰਾਈ[1]
ਜਿਹਦੀ ਕੀਮਤ ਨਹੀਂ ਹੈ ਇਕ ਰਾਈ,
ਕਿਸੇ ਇਕ ਮੌਜ ਅਪਨੀ ਵਿਚ ਆਕੇ-
ਸੁਣੇ ਉਸਨੇ ਸੰਗੀਤ ਅਪਨੀ ਰਲਾਕੇ,
ਤਦੋਂ ਬੇਮੁਲ ਇਹ ਨਗ਼ਮਾ-ਸਰਾਈ,
ਲਹਿਰ ਵਿਚ ਲਹਿਰ ਉਮਡੇਗੀ ਆਈ।
ਨਾ 'ਸੋਜ਼ੇ ਦਿਲ' ਸੁਣਾ ਬੁਲਬੁਲ ਤੂੰ ਗਾਕੇ,
ਨਾ "ਖ਼ੂਨੇ ਦਿਲ" ਵਹਾ ਅਥਰੂ ਬਣਾਕੇ,
ਮਤਾ ਹੋ ਜਾਏ 'ਰਾਜ਼ੇ-ਦਿਲ ਓ ਅਫ਼ਸ਼ਾ[2]
ਜੋ ਰਖਯਾ ਸੀ ਲੁਕਾ ਪਿਨਹਾ ਹੀ ਪਿਨਹਾ[3]।
ਲਿਆ ਸੁਣ ਖ਼ਾਰ[4] ਨੇ ਜੇ ਰਾਜ਼ ਲੁਕਿਆ,
ਲਪਕ ਸੀਨੇ ਚੁਭੇ, ਨ ਜਾਇ ਰੁਕਿਆ।
'ਗ਼ਮੇ ਦਿਲ' ਫਿਰ ਬਹੇਗਾ ਖ਼ੂਨ ਹੋ ਹੋ,
ਕਿ 'ਜ਼ਖ਼ਮੇ ਵਿਨ੍ਹ' ਨਾ ਸ਼ੱਕੇਗਾ ਭੀ ਰੋਰੋ। ੪੩.

(ਕਸੌਲੀ ੯-੮-੧੯੫੩)

---

1. ਨਗ਼ਮਾਂ ਗਾਨਾਂ। 2. ਜਾਹਰ। 3. ਛਿਪਾਕੇ। 4. ਕੰਡੇ।

# ਤੇਰੀ ਰਜ਼ਾ

ਤੇਰੀ ਰਜ਼ਾ, ਤੇਰੀ ਰਜ਼ਾ, ਮਿੱਠੀ ਲਗੇ ਤੇਰੀ ਰਜ਼ਾ,
ਮਰਜ਼ੀ ਮਿਰੀ ਸੁਰ ਕਰ ਲਏਂ ਤੂੰ, ਨਾਲ ਅਪਨੀ ਦੇ ਰਜ਼ਾ।

ਦੋਵੇਂ ਸੁਰਾਂ ਇਕ ਹੋ ਵਜਣ, ਕੈਸਾ 'ਸੁਰੀਲਾ ਰਾਗ' ਹੋ,
ਵੈਰਾਗ ਦੀ ਫਿਰ ਲੋੜ ਨਾ, ਕ੍ਰਾਮਤ ਕਰੇ ਤੇਰੀ ਰਜ਼ਾ।

ਰਾਗ ਇਹ ਵੈਰਾਗ ਹੋਕੇ, ਰਾਗ ਮਿੱਠਾ ਛਿੜ ਪਵੇ,
ਵੈਰਾਗ ਕਉੜੱਤਣ ਹਿਰੇ, ਮਿੱਠਤ ਭਰੇ ਤੇਰੀ ਰਜ਼ਾ।

ਤਾਰੇ ਨ, ਚੜਿਆਂ ਸੂਰਜੇ, ਗੁੱਸੇ ਹੁਏ ਤੁਰ ਜਾਂਵਦੇ*,
ਚਾਨਣੀ-ਸੁਰ ਆਪਣੀ, ਵਿਚ ਮੇਲ ਦੇ ਸੂਰਜ ਰਜ਼ਾ।*

ਲੋਅ ਤਾਰਿਆਂ ਵਾਲੜੀ, ਵਿਚ ਧੁੱਪ ਦੇ ਮਿਲ ਜਾਂਵਦੀ*,
ਮਰਜ਼ੀ ਮਿਰੀ ਰਲ ਜਾਏ ਤੀਕੂੰ, ਸੁਹਣਿਆ! ਤੇਰੀ ਰਜ਼ਾ।

ਹੇ ਸੰਗੀਤਕ ਸੁਹਣਿਆਂ! ਸਾਡੇ ਨ ਐਪਰ ਵੱਸ ਹੈ,
ਸੂਰਜ ਤਰ੍ਹਾਂ ਖ਼ੁਦ ਆ ਮਿਲੋ ਮਰਜ਼ੀ ਰਲਾ ਲਓ ਵਿਚ ਰਜ਼ਾ।

ਬੇਸੁਰੀ ਸਾਡੀ ਹਟਾਵੋ, ਇਕ ਸੁਰੀ ਦੇਵੋ ਲਗਾ,
ਮਰਜ਼ੀ ਅਸਾਡੀ ਲੀਨ ਹੋ, ਇਕੋ ਰਹੇ ਤੇਰੀ ਰਜ਼ਾ।

ਜਲ ਧਰਤੀਓਂ ਜੋ ਭਾਫ ਉਠੇ 'ਸਮੁੰਦਰ ਭਾਫ' ਉਸ ਆ ਮਿਲੇ
ਦੋਏ ਮਿਲਿ ਵਰਖਾ ਕਰਨ, ਇਉਂ ਮੇਲ ਮਰਜ਼ੀ ਵਿਚ ਰਜ਼ਾ। ੪੪.
(ਕਸੌਲੀ ੧੦-੯-੧੯੫੦)

---

* ਸੂਰਜ ਚੜ੍ਹਨ ਤੇ ਤਾਰੇ ਗੁਸੇ ਹੋਕੇ ਕਿਤੇ ਨਹੀਂ ਜਾਂਦੇ ਬਲਕਿ ਆਪਣੀ ਚਾਨਣੀ ਸੂਰਜ ਦੀ ਰੋਸ਼ਨੀ ਵਿਚ ਮਿਲਾਕੇ ਰਜ਼ਾਂ ਵਿਚ ਰਾਜ਼ੀ ਰਹਿੰਦੇ ਹਨ।

# ਉਮੈਦਵਾਰ

ਵਿਚ ਆਸ਼ਾ ਦੇ ਰਹੇ ਉਮੈਦਾਵਰ
ਨ ਮਿਲੇ ਇਨਸਾਨ ਬਣਕੇ ਆ ਤੁਸੀਂ,
ਨ ਮਿਲੇ ਰੱਬ ਬਣਕੇ ਜਾ ਅਸੀਂ।
ਮਿਲ ਜਿ ਪੈਂਦੇ ਜਾਣੀਏ ਕੀਹ ਹੋਂਵਦਾ!
ਰੱਜ ਜਾਂਦੀ ਆ ਕੁਈ, ਦਿਲ ਭਿੱਜਿਆ ਸੌ ਜਾਂਵਦਾ।
ਤੇਰੀਆਂ ਉਡੀਕਾਂ ਰਖਿਆ ਹੈ ਜਾਗਦੇ
ਦਿਲ ਨੂੰ ਉਮਾਹੀ ਰਖਿਆ ਵਿਚ ਤਾਂਘ ਦੇ

ਸਾਈਆਂ!
ਨ ਮੁੱਕੇ ਤਾਂਘ ਏ, ਦਰਸ਼ਨ ਬੀ ਸਾਨੂੰ ਦੇਵਣਾ,
ਦੇ ਦਰਸ, ਰੱਜ ਨ ਦੇਵਣੀ
ਵਿਚ ਪਯਾਰ ਸਦ ਉਮਲੇਵਣਾ।
ਪ੍ਰਿਯ ਰੂਪ ਤੇਰਾ ਆਖਦੇ
ਸਾਈਆਂ! ਅਸਾਂ ਪਿਆਰਨਾ।
ਸਾਥੋਂ ਪਿਆਰ ਕਰਾਵਨਾ।
ਮਿਲਕੇ ਬੀ ਪਯਾਰ ਕਰਾਵਨਾ। ੪੫.
(ਬੰਬਈ ੨੮-੧੨-੧੯੫੪)

# ਦੇਹੀ-ਜਿੰਦ-ਰੂਹ

ਦੇਹੀ- ਦੇਹੀ ਵਿਚ ਅਭਿਮਾਨ ਦੇ ਬੋਲ ਉਠੀ,
ਮੇਰੇ ਜਿਹਾ ਨਾ ਕੋਈ ਸੰਸਾਰ ਲੋਕੋ
ਤੁਰਦੀ ਫਿਰਦੀ ਤੇ ਕੰਮ ਮੈਂ ਸੁਆਰਦੀ ਹਾਂ,
ਖਾਂਦੀ ਪੀਂਦੀ ਤੇ ਕਰਾਂ ਬਹਾਰ ਲੋਕੋ!
ਸੁਹਣਾਂ ਗਾਉਂਦੀ ਤੇ ਮਹਿਕਾਂ ਸੁੰਘਦੀ ਮੈਂ,
ਧੁਨਾਂ ਸੁਣਾਂ ਤੇ ਕਰਾਂ ਵਿਹਾਰ ਲੋਕੋ!
ਆਪ ਸੁਖ ਪਾਵਾਂ ਚਾਹਾਂ ਸੁਖ ਦੇਵਾਂ,
ਮੇਰਾ ਉੱਚੜਾ ਹੈ ਬਲਕਾਰ ਲੋਕੋ!

ਜਿੰਦ- ਦੇਹੀ ਅੰਦਰੇ ਲੁਕੀ ਸੀ ਜਿੰਦ ਬੈਠੀ,
ਸਹਿਜੇ ਬੋਲਕੇ ਆਖਦੀ: 'ਹੋਸ਼ ਵਾਰੀ!
ਐਡੇ ਉੱਚੜੇ ਬੋਲ ਨ ਬੋਲ ਦੇਹੀਏ!
ਅਪਨੀ ਅਸਲ ਦੀ ਕਰੀਂ ਪਛਾਣ ਪਯਾਰੀ!
ਤੇਰੇ ਵਿਚ ਨ ਹੋਸ਼ ਹਵਾਸ ਆਪਣਾ,
ਤੇਰੇ ਵਿਚ ਨ ਗਿਆਨ ਦੀ ਤਾਨ ਸਾਰੀ।
ਪੱਥਰ ਵਾਂਙ ਤੂੰ ਪਈ ਨ ਹੱਲ ਸੱਕੇਂ,
ਦੋਹੁੰ ਦਿਨਾਂ ਵਿਚ ਜਾਇ ਤੈਂ ਆਬ ਮਾਰੀ।'

ਦੇਹੀ- ਕੌਣ ਬੋਲਦਾ ਕੋਠੜੀ ਕਿਸੇ ਲੁਕਿਆ?
ਮੈਨੂੰ ਆਖਦਾ ਹਾਂ ਨਿਕਾਰੜੀ ਮੈਂ।
ਬਾਹਰ ਆ ਖਲੋ ਖਾਂ ਸਾਹਮਣੇ ਤੂੰ,
ਚੰਗੀ ਕਰਾਂ ਪਛਾਣ ਤੁਹਾਰੜੀ ਮੈਂ।
ਕੋਈ ਰੂਪ ਨ ਰੰਗ ਅਕਾਰ ਤੇਰਾ,
ਦੱਸੀ ਸੂਰਤ ਨ ਕਦੇ ਪਿਆਰੜੀ ਤੈਂ।

ਵਾਜ ਗੂੰਜ ਵਾਂਙੂ ਕਿਤੋਂ ਆਂਵਦੀ ਤੂੰ,
ਕੋਈ ਕਾਰ ਨ ਕਦੇ ਸੁਆਰਣੀ ਤੈਂ।

ਜਿੰਦ- ਤੂੰ ਤਾਂ ਬੁੱਤ ਕਲਬੂਤ ਨਿਰਜਿੰਦ ਦੇਹੀਏ!
ਮੇਰੇ ਬਿਨਾਂ ਤੂੰ ਅਗਨ ਦਾ ਭੋਗ ਹੋਵੇਂ।
ਵੇਖਣ ਸੁਣਨ ਤੇ ਸੁੰਘਣ ਦੇ ਅੰਗ ਤੇਰੇ,
ਮੇਰੇ ਬਿਨਾਂ ਨ ਕਿਸੇ ਹੀ ਜੋਗ ਹੋਵੇਂ।
ਮੇਰੇ ਤੇਜ ਕਰਕੇ ਮੌਜਾਂ ਮਾਣਦੀ ਤੂੰ,
ਮੇਰੇ ਬਿਨਾਂ ਤੂੰ ਸੁੱਕੜਾ ਫੋਗ ਹੋਵੇਂ।
ਮੇਰੇ ਬਿਨਾਂ ਤੈਂ ਸਾੜਦੇ ਲੱਕੜਾਂ ਤੇ,
ਹਿੱਕੇ ਦੱਬ ਦੇਂਦੇ, ਘਰੀਂ ਸੋਗ ਹੋਵੇ।

ਦੇਹੀ- ਬਹੁਤਾ ਮਾਣ ਤੂੰ ਤੇਜਦਾ ਕਰੇਂ ਜਿੰਦੇ,
ਮੇਰੇ ਬਿਨਾਂ ਤੈਨੂੰ ਕੌਣ ਸਯਾਣਦਾ ਹੈ?
ਮੇਰੇ ਆਸਰੇ ਕਰੇਂ ਬਹਾਰ ਸਾਰੀ,
ਨਹੀਂ ਤਾਂ ਭੋਗ ਕਿਹੜਾ ਤੈਨੂੰ ਜਾਣਦਾ ਹੈ!

ਰੂਹ- ਝਗੜਾ ਦੇਖ ਕੇ ਦੁਹਾਂ ਦਾ ਰੂਹ ਹੱਸੀ,
ਹੱਸ ਦੁਹਾਂ ਨੂੰ ਆਖਦੀ ਲੜੋ ਨਾਂਹੀ।
ਦੋਵੇਂ ਸੋਭਦੇ ਹੋ ਖੰਡ ਖੀਰ ਵਾਂਙੂ,
ਆਪੋ ਵਿਚ ਕਰ ਈਰਖਾ ਸੜੋ ਨਾਂਹੀ।
ਜੋੜ ਦੁਹਾਂ ਦਾ ਧੁਰਾਂ ਤੋਂ ਰੱਬ ਕੀਤਾ,
ਮੇਲਣਹਾਰ ਦੇ ਨੁਕਸ ਹੁਣ ਫੜੋ ਨਾਂਹੀ।
ਨਾਲ ਪਯਾਰ ਦੇ ਕਰੋ ਵਿਹਾਰ ਚੰਗੇ,
ਗਲ ਗਲ ਤੇ ਆਪ ਵਿਚ ਅੜੋ ਨਾਂਹੀ।
ਮੇਰੇ ਪਿਤਾ ਕਿਰਪਾਲ ਪਰਮੇਸ਼ਰੇ ਨੇ

ਮੇਰੀ ਖ਼ਾਤਰੇ ਜੰਗ ਰਚਾਇਆ ਹੈ।
ਸੂਰਜ ਚੰਦ ਤਾਰੇ ਪੌਣ ਤੇਜ ਪਾਣੀ
ਕੁਦਰਤ ਨੂਰ ਦਾ ਰੰਗ ਖਿੜਾਇਆ ਹੈ।
ਮੰਦਰ ਦੇਹਿ ਰਚਾਈ ਮੈਂ ਵੱਸਣੇ ਨੂੰ
ਤਾਣ ਜਿੰਦ ਦਾ ਵਿਚ ਰਚਾਇਆ ਹੈ।
ਜੀਉਂਦਾ ਠਾਠ ਬਣਾਇਆ ਮੈਂ ਵਾਸਤੇ ਹੈ,
ਮੇਰੇ ਵਾਸਤੇ ਤੁਸਾਂ ਮਿਲਾਇਆ ਹੈ।
ਜਿੰਦ ਦੇਹ ਦੇ ਵਿਚ ਮੈਂ ਵੱਸਣਾ ਹੈ,
ਐਪਰ ਵੱਸਣਾ ਵਾਂਙ ਪੰਧਾਊਆਂ ਦੇ।
ਏਥੇ ਵੱਸ ਮੈਂ ਪਿਤਾ ਨੂੰ ਯਾਦ ਕਰਨਾ,
ਐਪਰ ਯਾਦ ਕਰਨਾ ਵਾਂਙ ਸਾਊਆਂ ਦੇ।
ਤਾਰ ਪ੍ਰੇਮ ਦੀ ਰੱਖਣੀ ਵਿਚ ਉਸ ਦੇ,
ਨੇਹੁ ਲਗਣ ਨ ਨਾਲ ਬਟਾਊਆਂ ਦੇ।
ਖੱਟੀ ਖੱਟਣੀ ਨੇਕੀ ਤੇ ਪ੍ਰੇਮ ਵਾਲੀ,
ਕਾਰੇ ਨਹੀਂ ਕਰਨੇ ਘਰ-ਗੁਆਊਆਂ ਦੇ।
ਸੁਣੋ ਜਿੰਦ ਤੇ ਦੇਹਿ ਇਹ ਗਲ ਮੇਰੀ
ਥੋੜੇ ਦਿਨਾਂ ਦੀ ਉਮਰ ਸੁਹਾਵਣੀ ਹੈ।
ਜਿੰਦ ਬਹੁਤ ਸਹਾਉਣੀ ਸੱਤਿਆ ਹੈ,
ਦੇਹਿ ਰੰਗਲੀ ਮਨ ਨੂੰ ਭਾਉਣੀ ਹੈ।
ਕੁਦਰਤ ਪਯਾਰੀ ਤੇ ਭੂਮਿ ਰੰਗਾਵਲੀ ਹੈ,
ਬਿਨਾਂ ਪ੍ਰੇਮ ਦੇ ਸਭ ਡਰਾਉਣੀ ਹੈ।
ਪ੍ਰੇਮ ਤਾਰ ਇਕ ਸੁਰਾ ਇਕ ਰੰਗ ਕਰਦੀ
ਰਚੀ ਰੱਬ ਦੀ ਸਭ ਲੁਭਾਉਣੀ ਹੈ। ੪੯.

# ਪੰਥ ਜਗਾਵਾ

## ੧. ਲੱਛਣ

ਐ ਕੌਮ ਵਾਹਦਾਨੀ ਨੇਕੀ ਕਮਾਨ ਵਾਲੀ!
ਅੱਕਾਲ ਦੇ ਕਲੌਤੀ ਭਾਣੇ ਮਨਾਣ ਵਾਲੀ!
ਐ ਕੌਮ ਸੂਰਿਆਂ ਦੀ, ਐ ਜ਼ਾਤ ਅਸ਼ਰਫ਼ਾਂ ਦੀ!
ਦੁਖੜੇ ਪਰਾਏ ਆਪਣੇ ਸਿਰ ਤੇ ਓਠਾਣ ਵਾਲੀ!
ਐ ਧਰਮੀਆਂ ਦੀ ਵਾੜੀ, ਸੰਤੋਖ ਦੀ ਬਗੀਚੀ!
ਨਾਨਕ ਗੁਰੂ ਦੀ ਲਾਈ, ਨੌਂ ਸਤਿਗੁਰਾਂ ਦੀ ਪਾਲੀ!

## ੨. ਗੁਣ

ਐ ਬਾਨੀਆਂ ਦੇ ਖੂਨੋਂ ਸਿੰਜੀ ਹੋਈ ਕਿਆਰੀ!
ਪਰਮਾਤਮਾ ਪ੍ਰਭੂ ਤੋਂ ਵਿਛੁੜੇ ਮਿਲਾਣ ਵਾਲੀ!
ਨੇਕੀ ਦੀ ਯਾਦਗਾਰੀ, ਬਦੀਆਂ ਭੁਲਾਣ ਵਾਲੀ!
ਉਪਕਾਰੀਆਂ ਦੀ ਮਾਤਾ, ਬੱਧੇ ਛਡਾਣ ਵਾਲੀ!
ਐ ਧਰਮ ਦੀ ਸ਼ਮਅ ਤੇ ਕੁਰਬਾਨ ਹੋਣ ਵਾਲੀ!
ਐ ਦੀਨ ਰੱਖਿਆ ਤੇ ਜਿੰਦੜੀ ਘੁਮਾਣ ਵਾਲੀ!
ਐ ਕੌਮ ਸਾਦਕਾਂ ਦੀ, ਐ ਕੌਮ ਸਾਬਰਾਂ ਦੀ!
ਦੁਖਾਂ ਨੂੰ ਝੱਲ ਕੇ ਬੀ ਘਬਰਾ ਨ ਜਾਣ ਵਾਲੀ!

## ੩. ਕਰਤਵਯ

ਐ ਤੇਜ ਦੀ ਭਵਾਨੀ! ਭਾਰਤ ਦੀ ਰਾਜ ਰਾਣੀ!
ਧਰਮਾਂ ਦੀ ਵੇਖ ਹਾਨੀ ਖੰਡਾ ਉਠਾਣ ਵਾਲੀ!
ਐ ਮੋਤੀਆਂ ਤੋਂ ਸੁਚੀ, ਐ ਹੀਰਿਆਂ ਤੋਂ ਪੱਕੀ,
ਲਾਲਾਂ ਤੋਂ ਮਹਿੰਗ ਮੁਲੀ, ਬੇਅੰਤ ਸ਼ਾਨ ਵਾਲੀ!
ਐ ਰਾਜ ਜੋਗ ਵਾਲੀ, ਮ੍ਰਿਗਰਾਜਿਆਂ ਤੇ ਭਾਰੂ,
ਐ ਦੁਸ਼ਮਨਾਂ ਦੇ ਦਿਲ ਤੇ ਲੋਹਾ ਬਿਠਾਣ ਵਾਲੀ!
ਐ ਜ਼ਾਲਮਾਂ ਦੀ ਦੁਸ਼ਮਣ, ਐ ਧਰਮੀਆਂ ਦੀ ਰਖਯਕ!

ਐ ਬੇਕਸਾਂ ਦੀ ਬਾਜ਼ੂ ਬਨਕੇ ਬਚਾਣ ਵਾਲੀ!
ਅਬਦਾਲੀਆਂ ਤੇ ਬਿਜਈ ਦੁੱਰਾਨੀਆਂ ਤੇ ਹਾਵੀ
ਖੰਡਾ ਔਰੰਗਜ਼ੇਬੀ ਖੁੰਢਾ ਕਰਾਣ ਵਾਲੀ!

## ੪. ਉਪਕਾਰ ਸਮਰਣ

ਐ ਕੌਮ ਖਾਲਸਾਈ! ਆਈ ਹੈ ਕੀ ਤਬਾਹੀ?
ਜਾਗੀ ਨ ਨੀਂਦ ਕਰਕੇ, ਜਦ ਦੀ ਲਈ ਨਿਹਾਲੀ।
ਉਠ ਯਾਦ ਕਰ ਓ ਵੇਲਾ, ਇਕ ਦਿਨ ਸੀ ਔਜ ਪਰ ਤੂੰ,
ਸਾਨੀ ਨਹੀਂ ਸੀ ਕੋਈ, ਚਰਨਾਂ ਤੇ ਸੀ ਖੁਸ਼ਹਾਲੀ।
ਸੁਸਤੀ ਸੀ ਦੂਰ ਕੋਹਾਂ, ਉਪਕਾਰ ਕਰ ਰਹੀ ਸੀ,
ਦੇਸਾਂ ਤੇ ਝੂਲਦਾ ਸੀ ਝੰਡਾ ਤੇਰਾ ਅਕਾਲੀ।
ਗੋਦੀ ਤਿਰੀ ਦੇ ਸੂਰੇ ਦੁਨੀਆਂ ਬਚਾ ਰਹੇ ਸੇ,
ਕਯਾ ਜਾਨ ਪਾ ਰਿਹਾ ਸੀ ਖੰਡਾ ਤੇਰਾ ਨਿਰਾਲੀ।
ਜ਼ਖਮਾਂ ਤੇ ਲਾਏ ਮੱਲਮ ਦਿਲ ਦੇ ਗੁਬਾਰ ਧੋਤੇ,
ਦੁਖੀਆਂ ਦੇ ਦਰਦ ਵੰਡੇ ਧਰਮਾਂ ਦੀ ਸ਼ਰਮ ਪਾਲੀ।
ਆਪਣੇ ਤੇ ਦੁਖ ਸਹਾਰੇ, ਸੀਨੇ ਉਨ੍ਹਾ ਦੇ ਠਾਰੇ।
ਮਸ਼ਕੂਰ ਹੈ ਖ਼ੁਦਾਈ ਜੈਸੀ ਤੂੰ ਘਾਲ ਘਾਲੀ।
ਤੂੰ ਵਸੀਓ ਦਿਲਾਂ ਵਿਚ ਫੁਲਾਂ ਦੀ ਵਾਸ ਵਾਂਙੂ
ਦੁਨੀਆ ਵਸਾ ਰਿਹਾ ਸੀ ਤੇਰਾ ਖਿਆਲ ਆਲੀ।
ਸ਼ਰਵਤ*! ਤੇਰੀ ਨੂੰ ਖਲਕਤ ਲੈਂਦੀ ਰਹੀ ਉਧਾਰੀ
ਅਜ ਤੇਰੇ ਦਿਲ ਦੇ ਟੁਕੜੇ ਦਰ ਦਰ ਦੇ ਹਨ ਸਵਾਲੀ।

## ੫. ਸੋਚਨਾ

ਕਿੱਥੇ ਗਈ ਹਮਿੱਸਤ? ਹਿੰਮਤ ਨੂੰ ਹੋ ਗਿਆ ਕੀ?
ਵਹਦਤ ਪਰਸਤ ਤੇਰੇ ਕਿੱਥੇ ਲੁਕੇ ਅਕਾਲੀ?
ਕਮਜ਼ੋਰ ਹੋ ਰਹੀ ਹੈ, ਪੀਲਾ ਪਿਆ ਹੈ ਚਿਹਰਾ,

* ਸ਼ਰਵਤ = wealth, power, influenee

ਕਿਸ ਮਾਂਦਗੀ ਨੇ ਮਾਰੀ? ਆਈ ਕਿਹੀ ਬਿਹਾਲੀ?
ਤੂੰ ਹੋ ਕੇ ਬੇਟਿਕਾਣਾ ਦਰ ਦਰ ਦੀ ਹੋ ਰਹੀ ਹੈਂ
ਬਚੜੇ ਤੇਰੇ ਨੇ ਰੁਲਦੇ ਅੱਜ ਟੱਡਦੇ ਹਥਾਲੀ।
ਤੂੰ ਬੇਖ਼ੁਦੀ ਦੀ ਕੈਦਣ, ਤੂੰ ਸੁਸਤ ਬੇਖ਼ਬਰ ਤੂੰ,
ਜਿਤਨੇ ਨੇ ਐਬ ਜਗਦੇ ਕਿਸ ਤੋਂ ਰਹੀ ਤੂੰ ਖਾਲੀ?
ਸੰਸਾਰ ਨੂੰ ਜਗਾ ਕੇ ਤੂੰ ਆਪ ਸੌਂ ਗਈ ਕਿਉਂ?
ਕਿਆ ਸਤਿਗੁਰਾਂ ਸੀ ਤੈਨੂੰ ਏਹੋ ਅਕਲ ਸਿਖਾਲੀ?
ਕਿਸ ਖ਼ਾਬ ਵਿਚ ਪਈ ਤੂੰ? ਉਤੋਂ ਦੁਪਹਿਰ ਆਈ,
ਉਠ ਜਾਗ ਮਾਰ ਝਾਤੀ ਸਭ ਉਡ ਗਈ ਧੁੰਦਾਲੀ

## ੬. ਉੱਦਮ

ਉਠ ਦੇਖ ਬਾਗ਼ੇ ਦੁਨੀਆਂ ਕਯਾ ਦੇ ਰਿਹਾ ਬਹਾਰਾਂ,
ਬਾਗ਼ੇ ਇਲਮ ਬਨਾਇਆ ਵਿਦਯਾ ਨੇ ਬਨਕੇ ਮਾਲੀ।
ਸਰਸਬਜ਼ ਹੋ ਰਹੇ ਹਨ ਸਾਰੇ ਧਰਮ ਦੇ ਬੂਟੇ,
ਮੁਰਝਾ ਰਹੇ ਨੇ ਐਪਰ ਤੇਰੇ ਬਿਰਖ ਤੇ ਡਾਲੀ।
ਸਭ ਨਾਲ ਵਾਲਿਆਂ ਨੇ ਮੰਜ਼ਲ ਮੁਕਾ ਲਈ ਹੈ
ਪਰ ਤੂੰ ਅਜੇ ਹੈਂ ਸੁੱਤੀ ਲੈ ਲੇਫ਼ ਤੇ ਨਿਹਾਲੀ,
ਇਸ ਬੇਕਸੀ ਦੀ ਨੀਂਦੇ ਵਹਿਸ਼ਤ ਭਰੀ ਬੜਾਵੇਂ,
ਜੋ ਕੁਝ ਤੂੰ ਵੇਖਦੀ ਹੈਂ, ਇਹ ਖ਼ਾਬ ਹਨ ਖ਼ਿਆਲੀ,
ਉਠ ਜਾਗ ਭਾਗ ਭਰੀਏ ਆਲਸ ਤਿਆਗ ਛੇਤੀ
ਮੁੱਦਤ ਤੋਂ ਬੀਤ ਚੁੱਕੀ ਜ਼ੁਲਮਤ ਦੀ ਰਾਤ ਕਾਲੀ
ਹੈਂ ਤੇਗ ਮਾਰਕੇ ਤੂੰ ਹੁਣ ਸੌਂ ਗਈ ਹੈਂ ਕੈਸੀ?
ਪਾਸਾ ਨ ਪਰਤ ਉੱਠੀ, ਉਠਿ ਹੋਸ਼ ਨਾ ਸੰਭਾਲੀ,
ਹੈਰਾਨ ਹੈ ਜ਼ਮਾਨਾ ਇਹ ਦੇਖ ਤੇਰੀ ਗ਼ਫਲਤ,
ਬੇਹੋਸ਼ ਹੋ ਰਹੀ ਹੈਂ ਸੁੱਤੇ ਜਗਾਨ ਵਾਲੀ।
ਉਠ ਉੱਨਤੀ ਦੇ ਰਣ ਵਿਚ ਲੈ ਕਲਮ ਮਾਰ ਵਧਕੇ
ਜੈਸੀ ਕਿਸੇ ਜ਼ਮਾਨੇ ਤਲਵਾਰ ਸੀ ਵਿਖਾਲੀ।
ਹੁਣ ਸੌਣ ਦਾ ਨਾ ਵੇਲਾ, ਉਠ ਵੇਖ ਜਗ ਤੇ ਮੇਲਾ,

ਕੈਸਾ ਸਮਾਂ ਸੁਹੇਲਾ ਹਿਹ ਜਾ ਰਿਹਾ ਹੈ ਖ਼ਾਲੀ,
ਇਸ ਘੂਕ ਨੀਂਦ ਸੌਣਾ, ਕਿਸ ਨੇ ਹੈ, ਹਾ ਸਿਖਾਯਾ?
ਕਿਸ ਬੇਰਹਿਮ ਨੇ ਦਿਤੀ ਘੁੱਟੀ ਖ਼ੁਮਾਰ ਵਾਲੀ?
ਇਸ ਨੀਂਦ ਦੀ ਕੁਚਾਟੇ, ਕਈਆਂ ਨੇ ਘਰ ਡੁਬਾਏ
ਇਸ ਨੀਂਦ, ਤੇਰੇ ਸਾਹਵੇਂ ਕਈਆਂ ਦੀ ਜਿਲਦ ਗਾਲੀ।

### ੭. ਸ਼ੋਕ

ਕਦ ਤਕ ਏ ਨੀਂਦ ਗ਼ਫ਼ਲਤ, ਕਦ ਤਕ ਖ਼ੁਮਾਰ ਆਲਸ,
ਆਖ਼ਰ ਤੇਰੀ ਰਹੇਗੀ ਕਦ ਤਕ ਏ ਬੇਖ਼ਿਆਲੀ?
ਮੁੜ ਮੁੜ ਪਿਆ ਜਗਾਵਾਂ ਫੜ ਫੜ ਜਗਾ ਬਿਠਾਵਾਂ
ਕੈਸੀ ਚੜੀ ਖ਼ੁਮਾਰੀ ਪਰਤੀ ਨ ਹੋਸ਼ ਹਾਲੀ।
ਸੌਂ ਜਾਇ ਜਾਗਕੇ ਤੇ ਕਹਿੰਦੇ ਕਹਾਂਦਿਆਂ ਹੀ
ਖ਼ਬਰੇ ਏ ਬੇਖ਼ੁਦੀ ਦੀ ਕਿਸ ਨੇ ਦੁਆ ਪਿਆਲੀ?
ਖ਼ਬਰੇ ਪ੍ਰਭੂ ਹੀ ਜਾਣੇ, ਕੀ ਕੁਝ ਹੈ ਹੋਣ ਵਾਲਾ
ਇਹ ਨੀਂਦ ਖਾਲਸੇ ਦੀ ਹੈ ਇਲਤੋਂ ਨ ਖਾਲੀ! ੪੭.

# ਸੁਤੰਤ੍ਰਤਾ ਦੀ ਦੇਵੀ

ਓਹੋ ਚੰਦ ਚੜਿਆ ਅਸਮਾਨੀ, ਓਹੋ ਸੂਰਜ ਉਦੇ ਹੋਇਆ,
ਉਹੋ ਨਛਤਰ ਘੁੰਮਦੇ ਸਿਰ ਤੇ, ਉਹੋ ਚਾਨਣ ਉਹੋ ਲੋਇਆ।
ਗ੍ਰਹਿ ਮਾਲਾ ਹੈ ਉਹੋ ਉਦਾਲੇ ਭਉਂਦੀ ਚੱਕਰ ਲਾਂਦੀ ਏ,
ਸੂਰਜ ਤੋਂ ਲੈ ਚਾਨਣ, ਚਾਨਣ ਦੁਆਲੇ ਵੰਡਦੀ ਜਾਂਦੀ ਏ।
ਰਿਸ਼ਮ ਰਿਸ਼ਮ ਪਰ ਇਸਦੀ, ਤੱਕੋ 'ਤਾਣ' ਲਿਸ਼ਕ ਲਿਸ਼ਕੇਂਦੀ ਏ
ਛੂਹ ਅਪਨੀ ਲਾ ਲਾ ਕੇ ਨੈਣਾਂ ਜਾਂਦੀ ਤਾਣ ਭਰੇਂਦੀ ਏ।
ਪੌਣ-ਜੁ ਸਦਾ ਉਦਾਲੇ ਰਹਿੰਦੀ ਉਹੋ ਪੌਣ ਪਈ ਘੁੱਲਦੀ ਏ
ਪਰ ਅਜ ਨਖ਼ਰੇ ਹੋਰ ਕਿਸੇ ਵਿਚ ਮੰਦ ਮੰਦ ਪਈ ਝੁਲਦੀ ਏ,
ਹਾਂ ਅਜ ਜਫੀਆਂ ਪਾ ਪਾ ਮਿਲਦੀ ਭਰੀ ਉਮਾਹ ਵਿਚ ਆਂਦੀ ਏ
ਚੜਦੀ ਕਲਾ ਦੀ ਛੋਹ ਲਗਾਂਦੀ ਲਪਟ ਉਮਾਹ ਦੇ ਜਾਂਦੀ ਏ
ਧਰਤੀ ਉਹੋ, ਮਟਕ ਹੋਰ ਹੈ, ਘਾਹ ਇਸਦੇ ਵਿਚ ਦਮਕ ਰਹੀ,
ਓਹੋ ਪਾਣੀ ਲਹਰ ਲਹਰ ਪਰ, ਹੋਰ ਚਮਕ ਪਰ ਚਮਕ ਰਹੀ।
ਬਦਲ ਗਿਆ ਹੈ ਸੁਹਜ ਤ੍ਰਿਹਾਂ ਦਾ ਕਿਥੋਂ ਲੈ ਲਿਆ ਰੰਗ ਨਵਾਂ
ਮਾਣ ਭਰਿਆ ਜੋ ਆਖ ਰਿਹਾ ਹੈ-ਹੁਣ ਨਾ ਅਗੇ ਕਿਸੇ ਨਿਵਾਂ।
ਉਹੀ ਬਾਗ ਬਨ ਬੇਲੇ ਓਹੋ ਓਹੋ ਪਾਵਸ ਲਾਇ ਝੜੀ
ਪਰ ਠੰਢਕ ਅੰਜ ਰਹੇ ਵੰਨ ਦੀ ਹੋਰ ਸੁਆਦ ਇਕ ਜਾਇ ਭਰੀ।
ਆਪਾ ਸਤਿਕਾਰੇ ਹੈ ਆਪੇ ਮਿਠੀ ਨਾਲ ਫੁਹਾਰ ਪਵੇ:-
ਮਾਣ ਦੁਏ ਦਾ ਭੰਗ ਨ ਕਰਨਾ ਅਪਣਾ ਪਰ ਨਾ ਭੰਗ ਹੁਵੇਂ।
ਉਹੋ ਮਹਿਲ ਮਾੜੀਆਂ ਮੰਦਰ, ਸ਼ਹਿਰ ਗਿਰਾਂ ਤੇ ਬਸਤੀਆਂ ਓ
ਓਹੋ ਪਰਬਤ ਬਰਫ਼ਾਂ ਕੱਜੇ, ਉਹੋ ਵਾਦੀਆਂ ਪਸਤੀਆਂ ਓ।
ਅਜ ਆਪਣੇ ਲਗਣ ਵਧੇਰੇ ਵਧ ਪਿਆਰੇ ਦਿਸਣ ਓ।
ਫ਼ਖ਼ਰ ਭਰਨ ਦਿਲ ਵਿਚ ਉਹ ਸਾਰੇ ਰੰਗ ਨਵੇਂ ਵਿਚ ਲਿਸ਼ਕਣ ਓ।
ਕਿਥੋਂ ਭਈ ਇਹ ਦੱਸੋ ਸਾਨੂੰ ਵੰਨ ਨਵਾਂ ਏ ਲਿਆਏ ਹੋ?
ਸੁੰਦਰਤਾ ਵਿਚ ਪਿਆਰ ਲਗਨ ਏ ਕਿਵੇਂ ਪਏ ਦਿਖਲਾਏ ਓ?

ਓਹੋ ਮੋਰ ਪਾਹਿਲਾਂ ਪਾਦੇ, ਓਹੋ ਕੋਇਲ ਕੂਕ ਰਹੀ,
ਉਹੋ ਪਪੀਏ ਪ੍ਰਿਉ ਪ੍ਰਿਉ ਕਰਦੇ, ਉਹੋ ਚਕੋਰ ਹੈ ਚੁਹਕ ਪਈ,
ਡਾਲ ਉਹੋ ਹਨ, ਸੁਰਾਂ ਉਹੀ ਹਨ, ਲੈ ਉਹੋ ਹੈ ਲਹਿਰ ਵਰੀ।
ਪੁਰ ਤਾਸੀਰ ਹੋਰ ਹੈ ਹੋਈ 'ਨਵ ਜੀਵਨ' ਉਮੰਗ ਭਰੀ।
ਕਹੁ ਸੰਗੀਤਕੋ! ਕਿਥੋਂ ਹੈ ਇਹ ਉਮੰਗ, ਤੁਸਾਂ ਨੇ ਲੱਭ ਲਈ,
ਬਦਲ ਗਿਆ ਪਰਭਾਉ ਸਭਸ ਦਾ, ਕਿਵੇਂ ਨਵੀਂ ਏ ਫੱਬ ਆਈ?
ਇਤਨੇ ਨੂੰ ਇਕ ਦੂਰ ਦੇਸ਼ ਤੋਂ ਬੂਲ ਬੂਲ ਉਡਦੀ ਆਇ ਗਈ,
ਗਾਂਦੀ ਪਈ ਵਧਾਵਾ ਸੁਹਣੀ ਸੁਰ ਝੀਣੀ ਕੁਛ ਚਾਉ ਮਈ।
ਵਧੋ ਵਧਾਈ ਹਿੰਦ ਦੇ ਜਾਇਓ ਵਧੋ ਵਧਾਈ ਤੁਸਾਂ ਤਈਂ
ਉੱਠੋ ਦੇਖੋ ਅਜ ਤੁਸਾਂ ਵਿਚ ਕੌਣ ਆਈ ਹੈ ਭਾਗਮਈ।
ਦੇਖੋ ਅਰਸ਼ਾਂ ਵਿਚ ਖਲੋਤੀ ਸੁਤੰਤਰਤਾ ਦੀ ਦੇਵੀ ਆ
ਆਪਣੀ ਪ੍ਰਭਾ ਖਿਲਾਰੀ ਜਾ ਰਹੀ ਚੰਦ ਚਾਂਦਨੀ ਜਿਕੁਰ ਲਾ।
ਤਾਣ, ਮਾਣ, ਸਤਿਕਾਰਨ ਸ੍ਵੈ ਨੂੰ, ਉਮੰਗ ਨਵੀਂ ਤੈ ਨਵੀਂ ਨਵੀਂ
ਭਰਦੀ ਹਰ ਦਿਲ ਅੰਦਰ ਜਾਂਦੀ, ਫੇਰ ਨਾ ਦਿਲ ਖਾ ਜਾਇ ਝਵੀ।
ਇਸਦਾ ਹੈ ਪਰਭਾਉ ਨਿਰਾਲਾ, ਬਦਲੇ ਸਭ ਪਰਭਾਵਾਂ ਨੂੰ।
ਰੂਪ ਰੰਗ ਹਰ ਸ਼ੈ ਦਾ ਬਦਲੇ ਭਰੇ ਮਨਾਂ ਵਿਚ ਚਾਵਾਂ ਨੂੰ,
ਪੂਜਾ ਇਸ ਦੀ ਕਰੋ ਸਦਾ ਹੀ, ਨਿਜ ਪੂਜਾ ਦੀ ਪਿਆਰੀ ਏ,
ਗ਼ਫ਼ਲਤ ਕਰੋ ਜੇ ਪੂਜਾ ਅੰਦਰ ਸਮਝੋ ਇਸ ਤੁਰਨ ਤਿਆਰੀ ਏ,
ਧਰਮ ਤਖਤ ਹੈ ਇਸਨੂੰ ਪਿਆਰਾ ਅਮਨ ਆਰਤੀ ਭਾਂਦੀ ਸੂ,
ਦੀਪ ਲੋਅ ਹਕਾਂ ਦੀ ਚਾਹੇ ਫ਼ਰਜ਼ ਸੁਗੰਧਿ ਸੁਹਾਂਦੀ ਸੂ।
ਸਾਹਸ ਦਾ ਭੋਜਨ ਇਹ ਕਰਦੀ ਹਿੰਮਤ ਅੰਮ੍ਰਿਤ ਪੀਂਦੀ ਏ,
ਆਪਾ ਵਾਰਨ ਜਗਵੇਦੀ ਤੇ ਬਲੀਆਂ ਲੈ ਖੁਸ਼ ਥੀਂਦੀਏ।
ਬੇ-ਲਗਾਮੀਆਂ ਭਾਣ ਨ ਇਸਨੂੰ ਖਿਲਰੀ ਖੁਲ੍ਹ ਨ ਭਾਵੇ ਸੂ,
ਮਿਤ ਮਰਿਯਾਦਾ ਅੰਦਰ 'ਖੁਲ ਜੋ' ਉਸਦੀ ਪਉਣ ਸੁਹਾਵੇ ਸੂ,
ਸਾਗਰ, ਚੰਦ, ਤਾਰੇ ਤੇ ਸੂਰਜ ਖੁਲ੍ਹਾਂ ਦਾ ਰੰਗ ਮਾਣਨ ਓ।
ਪਰ ਮਰਿਯਾਦਾ ਭੰਨ ਨ ਟੁਰਦੇ, ਤਦੇ ਸੁਹਾਉ ਸੁਹਾਵਨ ਓ।
ਇਸ ਪ੍ਰਕਾਰ ਦੀ ਪੂਜਾ ਇਸਦੀ ਸਦਾ ਕਰੇ ਜੋ ਦੇਸ ਸਖੀ!
ਸੁਖ ਵਧਾਵੇ ਨਿਤ ਇਹ ਉਸਦੇ ਦੁਖ ਪੱਟੀ ਦੇ ਮੇਸ* ਸਖੀ

ਜਦੋਂ ਹਿੰਦੀਆਂ ਪੂਜਾ ਇਸਦੀ ਆਪਨੇ ਮਨੋ ਵਿਸਾਰੀ ਸੀ,
ਤਦੋਂ ਹਿੰਦ ਤੋਂ ਇਸ ਦੇਵੀ ਨੇ ਲੰਮੀ ਲਾਈ ਉਡਾਰੀ ਸੀ।
ਆਖਣ ਗੁਰੂ ਗੋਬਿੰਦ ਸਿੰਘ ਸਹੀਓ! ਪਰਗਟ ਕੀਤੀ ਦੇਵੀ ਸੀ।
ਹੋਰ ਨਹੀਂ ਸੀ ਦੇਵੀ ਸਹੀਓ। ਸ੍ਵੈਤੰਤ੍ਰਤਾ ਦੀ ਦੇਵੀ ਸੀ।
ਸਦੀਆਂ ਤੋਂ ਰੁਸ ਗਈ ਹਿੰਦ ਤੋਂ ਮੋੜ ਉਹਨਾਂ ਨੇ ਆਂਦੀ ਸੀ,
ਸੌ ਇਕ ਬਰਸ ਖਾਲਸੇ ਉਸਦੀ ਪੂਜਾ ਸੇਵ ਸੁਹਾਂਦੀ ਸੀ
ਪੂਜਾ ਜਦੋਂ ਵਿਸਾਰੀ ਉਹਨਾਂ ਚਲੀ ਗਈ ਫਿਰ ਦੇਵੀ ਏ।
ਵਿਚ ਗੁਲਾਮੀ ਕਸ਼ਟ ਸਹਾਰੇ ਹਿੰਦ ਨੇ ਜਦ ਨਾ ਸੇਵੀ ਏ।
ਹੁਣ ਮੁੜ ਆਈ ਫੇਰ ਸੁਹਾਵੀ, ਆ ਵਾਹਨ ਖ਼ੁਸ਼ ਆਏ ਸੂ,
ਪੂਜਾ ਦੇ ਸਾਮਾਨ ਜੋ ਕੀਤੇ, ਬਲੀਦਾਨ ਸਭ ਭਾਏ ਸੂ।
ਹੁਣ ਆਈ ਦਾ ਆਦਰ ਕਰਨਾ ਪੂਜਾ ਕਰਨੀ ਗਯਾਨ ਮਈ
ਰਚੋ ਆਰਤੀ ਕੀਰਤਨ ਇਸਦੇ ਧਯਾਨ ਧਰੋ ਰਹੁ ਧਯਾਨ ਮਈ,
ਫਿਰ ਇਹ ਪੂਜਾ-ਪਿਆਰੀ ਦੇਵੀ ਸਦਾ ਰਹੇਗੀ ਦੇਸ਼ ਵਿਖੇ,
ਦੈਂਤ ਗੁਲਾਮੀ ਫੇਰ ਤੁਸਾਂ ਵਿਚ ਆਇ ਨ ਕਿਸ ਹੀ ਵੇਸ ਵਿਖੇ। ੪੮.

---

* ਮਿਟਾ ਦੇਂਦੀ ਹੈ।

# ਮੈਂ ਕੰਨ ਵਿਚ ਇਕ ਗਲ ਕਰਨੀ ਸੀ

ਮੇਰੇ ਸਾਂਈਆਂ!
ਮੈਂ ਅਜ ਇਕੱਲਿਆਂ ਤੁਸਾਂ ਨਾਲ ਇਕ ਗਲ ਕਰਨੀ ਸੀ;
ਹਾਂ, ਮੈਂ ਤੁਹਾਡੇ ਕੰਨ ਵਿਚ ਇਕ ਗਲ ਕਰਨੀ ਸੀ,

ਪਰ ਦੇਖੋ ਨਾ!
ਤੁਸਾਡਾ ਨਾਉ ਲੈਂਦੇ ਸਵੇਰੇ ਹੀ ਆ ਗਏ,
ਕੀਰਤਨ ਕਰਦੇ ਸਵੇਰੇ ਹੀ ਆ ਗਏ।
ਆਖਣ ਲੱਗੇ, ਤੁਸਾਡੀਆਂ ਗਲਾਂ ਕਰਨੀਆਂ ਹਨ,
ਤੁਸਾਡੀਆਂ ਸੋਆਂ ਸੁਣਨੀਆਂ ਹਨ,

ਮੈਂ ਜਾਤਾ:
ਓ ਤੁਸਾਡੀ ਬਾਸ ਬਸਾ ਦੇਣਗੇ।

ਮੈਂ ਕਿਹਾ:
ਦਿਲਾ! ਇਨ੍ਹਾਂ ਦੀ ਦਾਰੀ ਪਹਿਲੇ ਕਰ
ਕਿਤੇ ਦਿਲ ਨਾ ਢਹਿ ਪਵੇ ਨੇ।

ਮੈਂ ਸੁਣਿਆ ਸੀ:
ਦਿਲ ਤੁਸਾਡੇ ਵਸਣ ਦਾ ਘਰ ਹੈ।
ਤੁਸਾਂ ਸਾਡੀ ਦੁਨੀਆਂ ਵਿਚ ਦਿਲ ਆਪਣਾ ਨਸ਼ੇਮਨ* ਬਨਾਯਾ ਹੈ।

ਮੈਂ ਕਿਹਾ:
ਮੈਂ ਕਿਤੇ ਆਪ ਦੇ ਨਿਸ਼ੇਮਨ ਨੂੰ ਠੇਸ ਨਾ ਲਾ ਬੈਠਾਂ।
ਹਾਂ, ਉਹ ਤੁਹਾਡਾ ਨਾਂ ਲੈਂਦੇ ਆਏ ਸਨ ਨਾ,

ਪਰ ਮੈਂ, ਮੇਰੇ ਸਾਈਆਂ!
ਅਜ ਤੁਸਾਂ ਨਾਲ ਵਖਰਿਆਂ ਇਕ ਗਲ ਕਰਨੀ ਸੀ।

---

* ਨਸ਼ੇਮਨ = ਘੋਂਸਲਾ ਯਾ ਰਹਿਣ ਦੀ ਜਗ੍ਹਾ।

ਹਾਂ, ਓਹ ਬੈਠੇ ਰਹੇ, ਰੋਟੀ ਵੇਲਾ ਲੰਘ ਗਿਆ,
ਦੁਪਹਿਰਾਂ ਹੋ ਆਈਆਂ ਓਹ ਆਏ,
ਓਹ ਗਏ ਓਹ ਗਏ ਓਹ ਆਏ।

ਪਰ ਹਾਂ ਦੁਪਹਿਰਾਂ ਢਲ ਗਈਆਂ, ਸਾਂਈਆਂ
ਓਹ ਆਏ, ਓਹ ਗਏ, ਓਹ ਆਏ।

ਸ਼ਾਮਾਂ ਪੁੱਜ ਪਈਆਂ।
ਮੈਂ ਤੁਸਾਂ ਨਾਲ ਅਜ ਇਕ ਕੰਨ ਵਿਚ ਗਲ ਕਰਨੀ ਸੀ।
ਓਹ ਆ ਗਏ, ਫਿਰ ਮੈਂ ਕਿੱਵ ਕਰਦਾ।
ਓਹ ਤੁਹਾਡਾ ਨਾਂ ਜੁ ਲੈਂਦੇ ਸਨ, ਕਹਿੰਦੇ ਸਨ ਤੁਹਾਡੇ ਹਾਂ।

ਰਾਤ ਪੈ ਗਈ।
ਓਹ ਅਜੇ ਆਉਂਦੇ ਹਨ, ਤੁਹਾਡਾ ਨਾਂ ਲੈਂਦੇ ਹਨ।
ਮੈਂ ਹੁਣ ਕਿਵ ਕਰਾਂ?
ਅੱਧੀ ਰਾਤ ਹੋ ਗਈ, ਥਕਾਨ ਨੇ ਆ ਡੇਰੇ ਲਾਏ ਹਨ
ਨੀਂਦ ਅੱਖੀਂ ਮੱਲੋ ਮੱਲੀ ਵੜਦੀ ਹੈ।

ਹਾਇ, ਸਾਈਆਂ!
ਮੈਂ ਤੁਸਾਂ ਦੇ ਕੰਨ ਵਿਚ ਇਕ ਗਲ ਕਰਨੀ ਸੀ।
ਪਰ ਓਹ ਅਜੇ ਬੈਠੇ ਹਨ, ਤੁਹਾਡਾ ਨਾਂ ਲੈਂਦੇ ਹਨ,
ਸੋਆਂ ਪੁਛਦੇ ਹਨ, ਤੁਹਾਡਾ ਵਾਸਤਾ ਪਾਂਦੇ ਹਨ।

ਮੈਂ ਕਿਵ ਆਦਰ ਨਾ ਕਰਾਂ, ਕਿੰਞ ਕਹਾਂ ਜਾਓ!
ਮੈਂ ਤੁਹਾਨੂੰ ਤੜਕੇ ਤੋਂ ਵਾਜਾਂ ਤਾਂ ਮਾਰੀਆਂ ਹਨ
ਪਰ ਹੌਲੇ ਹੌਲੇ। ਮਨ ਹੀ ਮਨ ਵਿਚ! ਤੁਸੀਂ ਸੁਣਦੇ ਰਹੇ ਹੋ,
ਪਰ ਮੈਨੂੰ ਇਕੱਲ ਨਹੀਂ ਮਿਲੀ ਤੁਸਾਂ ਨਾਲ!
ਹਾਂ, ਉਫ਼, ਹਾਂ, ਵਾਹ ਵਾਹ, ਧੰਨ ਤੂੰ।

ਮੇਰੇ ਸਾਈਆਂ!
ਓਹ ਗਏ ਹਨ, ਹੁਣ ਉਠੇ ਹਨ।

ਤਾਰਾ ਮੰਡਲ ਗੇੜ ਖਾ ਗਿਆ ਹੈ।
ਮੇਰੇ ਅੰਗ ਥੱਕ ਗਏ ਹਨ, ਨੀਂਦ ਘੁਟਦੀ ਹੈ,
ਤਾਣ ਹਾਰ ਦੇਂਦਾ ਹੈ।
ਮੇਰੇ ਅੰਦ੍ਰ ਸਵੇਰੇ ਤੜਕੇ ਚਾ ਸੀ ਮੁਟਿਆਰ ਦਾ, ਵਯਾਹ ਪ੍ਰਾਪਤ ਦਾ।
ਮੈਂ ਉਮਾਹ ਵਿਚ ਸਾਂ, ਜੋਬਨ ਬਾਲਾ ਹੋ ਹੋ ਉਮਲਦਾ ਸੀ,
ਦਿਲ ਤੁਸਾਂ ਨਾਲ ਇਕ ਗਲ ਕੰਨ ਵਿਚ ਕਰਨ ਨੂੰ ਉਛਲਦਾ ਸੀ
ਹਾਂ, ਪਰ ਓਹ ਨਾਮ ਲੇਵਹ ਆਪਦੇ ਤੜਕੇ ਆ ਗਏ।
ਉਹ ਕੀਰਤਨ ਕਰਦੇ ਸਨ, 'ਤੁਹਾਡੇ ਹਾਂ' ਦਸਦੇ ਸਨ,
ਸੋਆਂ ਲੈਣ ਆਏ ਹਾਂ ਕਹਿੰਦੇ ਸਨ।

ਪਰ ਹੁਣ ਸਾਂਈਆਂ!
ਮੇਰੇ ਘਰ ਦੇ ਗਗਨ ਮੰਡਲ ਵਿਚ ਨਿਕੀ ਨਿਕੀ ਧੂੜ ਕੇਹੀ ਹੈ?
ਕਿਉਂ ਜਾਪਦੀ ਹੈ, ਥਕਾਨ ਅਕਾਨ ਕਿਉਂ ਹੈ?

ਸਾਂਈਆਂ ਜੀ-
ਜੀਓ ਦੇਖੋ ਨਾ, ਅਜ ਮੈਂ ਰਾਤ ਰਹਿੰਦੀ ਉਠਕੈ ਤ੍ਰੇਲ ਭਿੰਨੇ
ਫੁਲ ਤੋੜੇ ਤੇ ਸਿਹਰਾ ਪ੍ਰੋਤਾ, ਮੈਂ ਕਿਹਾ ਤੁਸਾਂ ਨਾਲ ਕੰਨ ਵਿਚ
ਗਲ ਕਰਨ ਵੇਲੇ ਇਹ ਸਿਹਰਾ ਤੁਹਾਡੇ ਗਲ ਪਾਵਾਂ।
ਪਰ ਹੁਣ ਤਕ, ਓਹ ਸਿਹਰਾ ਗਿਲੇ ਸਾਫ਼ੇ (ਰੁਮਾਲ)
ਵਿਚ ਪਿਆ ਹੀ ਸੁਕ ਗਿਆ ਹੈ।

ਮੇਰੇ ਸਾਈਂ,
ਮੈਂ ਨੂਰ ਦੇ ਤੜਕੇ ਮੈਂ ਚੰਦਨ ਕੇਸਰ ਕਪੂਰ ਰਗੜਿਆ ਸੀ।
ਮੈਂ ਚਾਂਦੀ ਦੀ ਡਬੀ ਵਿਚ ਪਾਕੇ ਰਖਿਆ ਸੀ,
ਮੈਂ ਕਿਹਾ ਕੰਨ ਵਿਚ ਗਲ ਕਰਨ ਲਗਿਆਂ,
ਮੈਂ ਆਪਦੇ ਪੁਸ਼ਾਕੇ ਤੇ ਇਸਦਾ ਤਰੌਂਕਾ* ਕਰਸਾਂ,
ਪਰ ਹਾਇ ਬੰਦ ਪਈ ਡਬੀ ਵਿਚੋਂ ਕੁੰਗੂ ਸੁਕ ਗਿਆ ਹੈ।

---

* ਛੱਟਾ ਮਾਰਸਾਂ।

ਜੀਓ ਜੀ-
ਹਾਂ ਮੈਂ ਅੰਮ੍ਰਿਤ ਵੇਲੇ ਲਾਲ ਲਾਲ ਲੰਮੀਆਂ ਲੰਮੀਆਂ ਦਾਖਾਂ ਚੌਂ ਚੋ ਕੇ ਸੋਨੇ ਦੇ ਫੁੱਲ ਕੌਲ ਵਿਚ ਰਖੇ ਸਨ।

ਮੈਂ ਕਿਹਾ ਸੀ,
ਅੱਜ ਇਕ ਗਲ-ਕੰਨ ਵਿਚ ਵਖਰਿਆਂ ਕਰਨੀ ਹੈ,
ਗਲ ਕਰਕੇ ਤੁਹਾਡੇ ਸੁਹਣੇ ਲਬਾਂ ਨਾਲ ਲਾਵਾਂ,
ਆਪੂੰ ਲਾਵਾਂ, ਜੋ ਤੁਹਾਡੇ ਸੁਹਣੇ ਹੱਥਾਂ ਨੂੰ ਚਾਣ ਦੀ ਖੇਚਲ ਨਾ ਹੋਵੇ
ਹਾਇ, ਓਹ ਮੇਰਾ ਰਸ ਕੌਲ ਵਿਚ ਹੀ ਪਿਆ ਪਿਆ ਸੁਕ ਗਿਆ।
ਕੌਲ ਤਾਂ ਮੈਂ ਕੱਜ ਕੇ ਰਖਿਆ ਸੀ।
ਕਿਸੇ ਨੂੰ ਮੈਂ ਕੌਲ ਦੇ ਕੋਲ ਜਾਂਦਾ ਨਹੀਂ ਡਿੱਠਾ।
ਹਾਂ ਜੀਓ ਸ਼ਾਮਾ ਤੋੜੀ ਓਹ ਆਉਂਦੇ ਰਹੇ।

ਸ਼ਾਮਾ ਵੇਲੇ ਮੈਂ ਕਿਹਾ ਸੀ,
ਦਿਲਾ! ਕਿਤੇ ਖਿਸਕ ਚਲ, ਜੋ ਇਕੱਲ ਮਿਲ ਜਾਵੇ
ਤੇ ਮੈਂ ਤੁਸਾਂ ਦੇ ਕੰਨਾਂ ਵਿਚ ਗਲ ਕਰ ਲਵਾਂ।
ਮੈਂ ਮਲਕੜੇ ਸ਼ਾਮਾਂ ਵੇਲੇ ਪਿਛਵਾੜਿਓਂ ਖਿਸਕੀ ਤੇ ਜਾ ਪਾਣੀਆਂ ਦੀ ਛਾਤੀ ਤੇ ਲਕੜ ਤਾਰੀ, ਉਤੇ ਜਾ ਡੇਰਾ ਲਾਇਆ
ਮੈਂ ਕਿਹਾ ਤੁਸੀਂ ਉਥੇ ਕੋਮਲ ਵੇਗ ਆ ਮਿਲੋਗੇ,
ਹਾਂ ਮੇਰੀ ਗਲ ਕੰਨਾਂ ਵਿਚ ਸੁਣ ਲਓਗੇ।

ਪਰ ਮੇਰੇ ਸਾਂਈਆਂ ਜੀਓ-
ਓਹ ਓਥੇ ਬੀ ਆ ਗਏ, ਕਿਸ਼ਤਿਆਂ ਉਤੇ ਬੈਠਕੇ ਆ ਗਏ।
ਮੈਂ ਤੁਹਾਡੇ ਕੰਨ ਵਿਚ ਗਲ ਕਰਨ ਨੂੰ ਵਿਆਕੁਲ ਹੋਕੇ
ਆਪਣੀ ਲਕੜ ਤਿਲਕਾਈ, ਇਕ ਬੰਨੇ ਲਾਈ,
ਇਕ ਬੁਲਬੁਲ ਦੇ ਪ੍ਰੀਤਮਾਂ ਦੇ ਗੁਲਜ਼ਾਰ ਵਿਚ ਲੁਕਵੀਂ ਥਾਂ ਲੱਭਕੇ ਤੁਸਾਡੀਆਂ ਤਾਂਘਾਂ ਵਿਚ ਜਾ ਚੌਕੜੀ ਮਾਰੀ ਕਿ ਤੁਸੀਂ ਮਲਕੜੇ ਆਕੇ ਕੰਨ ਵਿਚ ਮੇਰੀ ਗਲ ਸੁਣ ਜਾਓਗੇ।

ਜੀਓ ਜੀ! ਮੈਂ ਵਾਜਾਂ ਜੁ ਮਾਰੀਆਂ,
ਵਾਜਾਂ ਤਾ ਮੇਰੀਆਂ ਸਾਰਾ ਦਿਨ ਸਹਿਜੇ ਸਹਿਜੇ ਟੁਰੀਆਂ ਰਹੀਆਂ,
ਤੁਸੀਂ ਸੁਣਦੇ ਹੀ ਰਹੇ ਹੋ ਨਾ।

ਪਰ ਦਾਤਾ! ਦੇਖੋ ਓ ਓਥੇ ਬੀ ਆ ਪਹੁੰਚੇ।
ਮੈਂ ਦਾਰੀ ਕੀਤੀ, ਪਰ ਮੈਂ ਵਿਆਕੁਲ ਸਾਂ,
ਮੇਰੇ ਸੀਨੇ ਵਿਚ ਗਲ ਤੜਪ ਰਹੀ ਸੀ ਕਿ ਕਿਵੇਂ ਤੁਸੀਂ ਮਿਲੋ
ਤੇ ਕੰਨ ਵਿਚ ਗਲ ਕਰ ਲਵਾਂ।

ਫੇਰ ਸਾਂਈਆਂ ਜੀਓ!
ਮੈਂ ਕਿਹਾ ਮੈਂ ਹੁਣ ਜੇ ਆਪਣੇ ਘਰ ਜਾਵਾਂ ਤਾਂ ਜ਼ਰੂਰ ਇਕੱਲ ਹੋਊ।
ਮੈਂ ਉਡਕੇ ਜਾਵਾਂ।

ਫੇਰ ਸਾਈਆਂ ਜੀਓ!
ਮੈਂ ਉਥੋਂ ਘਰ ਆਯਾ, ਗੁਲਾਬਾਂ ਦੇ ਪਿਛੋਂ ਪਿਛੋਂ,
ਮਲਕੜੇ ਮਲਕੜੇ, ਬਜਰੇ ਵਿਚ ਬੈਠ ਕੇ ਮੈਂ ਕਿਹਾ,
ਮੈਂ ਸਹਜੇ ਅੰਦਰ ਵੜਕੇ ਬੂਹੇ ਮਾਰਕੇ ਤੁਸਾਂ ਨਾਲ
ਵਖਰਿਆਂ ਗਲ ਕਰ ਲਵਾਂਗਾ।

ਪਰ ਦਾਤਾ ਜੀਓ!
ਮੇਰੇ ਅੱਪੜਨ ਤੋਂ ਪਹਿਲਾਂ ਉਹ ਬੂਹੇ ਅਗੇ ਖੜੇ ਸਨ ਤੁਹਾਡੇ ਨਾਮ ਲੇਵਾ।
ਮੈਂ ਕਿਹਾ ਸੀ ਮੈਂ ਤੁਸਾਂ ਨਾਲ ਅੱਜ ਇਕ ਕੰਨ ਵਿਚ ਗਲ ਕਰਨੀ ਹੈ।
ਪਰ ਉਹ ਬੈਠੇ ਰਹੇ, ਬੈਠੇ ਰਹੇ, ਮੈਂ ਸਾਰੀ ਦਾਰੀ ਕੀਤੀ ਓਹ ਨਹੀਂ ਗਏ!

ਦਾਤਾ ਜੀਓ, ਹੁਣ ਉਠੇ ਹਨ।
ਹੁਣ ਕਿੰਵ ਗਲ ਕਰਾਂ? ਤੁਸੀਂ ਕਿੰਵ ਆਓ?

ਸਾਂਈਆਂ ਜੀਓ!
ਨੈਣ ਝੁਕ ਝੁਕ ਕੇ ਪੈ ਰਹੇ ਹਨ, ਜੀਭ ਹਾਰ ਚੁਕੀ ਹੈ,
ਤਨ ਸਿਥਿਲ ਹੈ। ਵਾਜਾਂ ਤਾਂ ਮੇਰੀਆਂ ਅਜੇ ਬੀ ਜਾਰੀ ਹਨ,
ਹਾਂ ਵਾਜਾਂ ਜਾਰੀ ਹਨ, ਤੁਸੀਂ ਸੁਹਣੇ ਸੁਹਣੇ ਜੀਓ ਸੁਣ ਹੀ ਰਹੇ ਹੋ।

ਪਰ ਜੀਓ ਜੀ!
ਮੇਰੇ ਘਰ ਬਰੀਕ ਬਰੀਕ ਧੂੜ ਉਡ ਰਹੀ ਹੈ,
ਅੰਗਨ ਮੇਰੇ ਬੁਹਾਰਨ ਜੋਗੇ ਹੋ ਗਏ ਹਨ,

ਕਿਵ ਆਖਾਂ ਆਓ!
ਮੈਂ ਗਲ ਤਾਂ ਅਜੇ ਬੀ ਕਰਨੀ ਹੈ,
ਹਾਇ ਮੇਰਾ ਚਾ ਕਿੱਥੇ ਗਿਆ,
ਉਮਾਹ ਨੂੰ ਕੀ ਹੋ ਗਿਆ?
ਮੇਰਾ ਮੁਟਿਆਰ ਮੁਟਿਆਰ ਬਾਲਾ ਬਾਲਾ
ਜੋਬਨ ਹੁਲਾਰਾ ਬੁਢਾਪੇ ਪੈ ਰਿਹਾ ਹੈ
ਹੁਣ ਮੈਂ ਕਿਵ ਗਲ ਕਰਸਾਂ।

ਦਾਤਾ ਜੀਓ। ਸਾਂਈਆਂ ਜੀਓ!
ਮੈਂ ਕਰਨੀ ਗਲ ਜ਼ਰੂਰ ਹੈ,
ਹਾਂ ਇਕ ਗਲ ਮੈਂ ਅਜ ਤੁਸਾਂ ਦੇ ਕੰਨ ਵਿਚ ਕਰਨੀ ਸੀ।

ਕਿਵ ਕਰਾਂ।
ਮਹੀਨ ਮਹੀਨ ਧੂੜ ਮੈਥੋਂ ਝੱਲ ਨਹੀਂ ਹੁੰਦੀ ਸੁਹਣੇ ਸੁਹਣੇ ਜੀਓ!
ਤੁਸਾਂ ਨੂੰ ਕਿਵ ਸੱਦਾਂ?
ਹੁਣ ਮੈਂ ਕਿਞ ਕਰਾਂ?

ਸਾਂਈਆਂ ਜੀਓ!
ਮੈਂ ਅੱਜ ਤੁਸਾਡੇ ਕੰਨ ਵਿਚ ਇਕ ਗਲ ਕਰਨੀ ਸੀ।੪੯

## ਦੇਹ ਅਪਣੀ ਸੁਹਬਤ

ਸੁਹਬਤ ਤੇਰੇ ਖਯਾਲਾਂ ਵਾਲੀ ਲੈ ਅਸਮਾਨੀਂ ਚੜ੍ਹਦੀ।
ਓਥੇ ਹੋਣ ਦਿਦਾਰ ਤੁਸਾਡੇ ਫਬਨ ਇਲਾਹੀ ਫੜਦੀ।
ਅਕਲਮੰਦਾਂ ਦੀ ਸੁਹਬਤ ਕਰਕੇ ਮੈਂ ਹੇਠਾਂ ਡਿਗ ਆਵਾਂ,
ਦੇਖਾਂ ਤੁਹਾਨੂੰ ਜ਼ਿਮੀਂ ਖੜੋਤਾ ਅਕਲ ਸਹਿੰਸਿਆਂ ਅੜਦੀ।੧।
ਖ਼ਯਾਲ ਅਪਣੇ ਦੀ ਸੁਹਬਤ ਸਾਨੂੰ ਦੇ ਖੰਭ ਖਯਾਲ ਨੂੰ ਲਾਵੀਂ,
ਖ਼ਯਾਲ ਕਿਸੇ ਦੀ ਸੁਹਬਤ ਦੇ ਕੇ ਉਡਦਾ ਕੋਈ ਮਿਲਾਵੀਂ
ਉਡਦੇ ਅਸੀਂ ਉਡਾਰੀਂ ਰਹੀਏ ਅਰਸ਼ੀਂ ਤੈਨੂੰ ਤੱਕੀਏ,
ਇਹ ਸਿਕ ਸਾਡੀ ਪੂਰ ਸੁਹਣਿਆਂ! ਦਾਨਿਓਂ ਦੂਰ ਰਹਾਵੀਂ।੨।੫੦

(ਦਿੱਲੀ ੩੧-੧੨-੧੯੨੦) ਖਾ.ਸ. ੩੦-੩-੧੯੭੮

## ਆਪਣੀ ਕਰਨੀ ਵਿਚੋਂ ਆਪਾ ਪਰੇ ਰਖੋ!

ਜੋ ਕਰੀਐ ਸੋ ਭਲਾ ਕਰੀਐ, ਉ ਨਾ ਅਪਣੇ ਤੇ ਨਾ ਧਰੀਐ।
ਕਰੇਂਦੇ ਨਾ-ਕਰੇਂਦੇ ਹੋ, ਸੁਖਾਂ ਸਾਰਿਆਂ ਨੂੰ ਵਰ ਲਈਐ।
ਜ਼ਿੰਮੇਵਾਰੀ ਜੋ ਕਰਨੇ ਦੀ, ਨਾ ਆਵੇਗੀ ਤੁਸਾਂ ਉਤੇ,
ਨਾ ਦਿਲ ਨੂੰ ਮੈਲ ਲੱਗੇਗੀ, ਖ਼ੁਦੀ ਪਿਛੇ ਨਾ ਜਾ ਮਰੀਐ।
ਜੇ ਕਰਨੀ ਆਪਣੀ ਵਿਚੋਂ ਕਿ ਆਪਾ ਦੂਰ ਰੱਖੋਗੇ,
ਫਲੰ ਕੀਤੇ ਤੋਂ ਬਚ ਰਹਿਸੋ, ਸੁ ਭੇਟਾ ਕਰ ਇਸੇ ਧਰੀਐ।
ਜਿ ਕਰਕੇ ਸ਼ੁਭ ਦਿਖਾਵੋਗੇ ਤਾਂ ਸ਼ੋਭ ਪਾ ਲਓਗੇ ਸੱਚ,
ਪੈ ਰਸ ਆਪੇ ਦਾ ਆਪੇ ਤੋਂ, ਜਏ ਹਰੀਐ, ਜਏ-ਹਰੀਐ।੫੧।

(ਕਸੌਲੀ ੬-੯-੧੯੫੦) ਖਾ.ਸ. ੧੯-੧੦-੧੯੭੮

**ਨੋਟ** :- ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸੰਨ ੧੯੩੩ ਵਿਚ ਮਾਊਂਟ ਆਬੂ ਪਧਾਰੇ ਸਨ। ਆਪ ੧੬ ਸਤੰਬਰ ੧੯੩੩ ਨੂੰ ਡੇਹਰਾਦੂਨ ਤੋਂ ਚੱਲਕੇ ਰਾਤੀਂ ਦਿੱਲੀ ਅੱਪੜੇ। ੧੭ ਨੂੰ ਉਥੋਂ ਚੱਲਕੇ ਅਜਮੇਰ ਪੁਜੇ। ਸ਼ਾਮਾਂ ਨੂੰ ਅੱਨਾ ਸਾਗਰ ਝੀਲ ਵੇਖੀ ਤੇ ਫੇਰ ਪੁਸ਼ਕਾਰ ਪਧਾਰੇ। ਜਿਥੇ ਜਿਥੇ ਬੀ ਆਪ ਪਧਾਰੇ ਉਥੋਂ ਦੀ ਯਾਦ ਨਾਲ ਅਲੰਕ੍ਰਿਤ ਕਾਵਜ ਤਰੰਗ ਨਾਲੋ ਨਾਲ ਅੰਕਤ ਹੁੰਦੇ ਰਹੇ। ੨੦ ਸਤੰਬਰ ਨੂੰ ਸਵੇਰੇ ਮਾਊਂਟ ਆਬੂ ਪਹੁੰਚ ਗਏ। ਪੁਸ਼ਕਰ ਤੀਰਥ ਤੱਕ ਕੇ ਆਪ ਨੇ ਇਕ ਰੁਬਾਈ ਲਿਖੀ ਸੀ। (ਦੇਖੋ ਇਸੇ ਪੁਸਤਕ ਦੀ ਕਵਿਤਾ ਨੰ:੫) -ਸੰਪਾਦਕ

## ਅੱਨਾ ਸਾਗਰ ਝੀਲ

ਇਹ ਨਾ ਝੀਲ, ਹੈ ਸੁੰਦਰੀ ਪਾਣੀਆਂ ਦੀ,  
ਦੋਹੁੰ ਗੋਦੀਆਂ ਵਿਚ ਜੋ ਲੇਟ ਰਹੀ ਏ।  
ਲੜੀ ਪੱਬੀਆਂ* ਦੀ ਕੁਦਰਤ ਛਬੀ ਵਾਲੀ,  
ਇਕ ਪਾਸੇ ਇਸ ਗੋਦ ਵਿਚ ਖੇਡ ਰਹੀ ਏ  
ਕਾਰੀਗਰੀ ਦੀ ਗੋਦ ਹੈ ਦੂਏ ਪਾਸੇ,  
ਵਿਚ ਹੱਸਦੀ ਹੋ ਨਿਲੇਟ ਰਹੀ ਏ।  
ਆਪ ਸੋਹਿਣੀ ਸੁਹਜ ਚੁਫੇਰਿਓਂ ਲੈ,  
ਸੁਹਜ ਵੰਡਦੀ ਸੁਹਜ ਸਮੇਟ ਰਹੀ ਏ। ੫੨

(ਅਜਮੇਰ ੧੭-੯-੧੯੩੩) ਖਾ.ਸ. ੭-੧੧-੧੯੭੯

**ਸੂਚਨਾ**:- ਦੱਸਦੇ ਹਨ ਕਿ ਅਜਮੇਰ ਰਾਜਾ ਅਜਾਪਾਲ ਨੇ ਵਸਾਇਆ ਸੀ। ਇਸ ਦੇ ਪੁਤਰ ਅਰਨੋ ਯਾ ਅੱਨਾ ਨੇ ਝੀਲ ਦੇ ਇਕ ਪਾਸੇ ਪੱਕਾ ਕਿਨਾਰਾ ਬਨਵਾਇਆ ਜਿਸ ਪਰ ਸ਼ਾਹਜਹਾਨ ਨੇ ਆਪਣੇ ਸਮੇਂ ਸੰਗਮਰਮਰ ਦੀਆਂ ਬਾਰਾਂ ਦਰੀਆਂ ਵਰਗੀਆਂ ਸੁਹਣੀਆਂ ਇਮਾਰਤਾਂ ਉਸਰਵਾਈਆਂ। ਅੱਨਾ ਤੋਂ ਝੀਲ ਦਾ ਨਾਮ ਅੱਨਾ ਸਾਗਰ ਪਿਆ ਹੈ। ਪਤਾ ਲਗਾ ਹੈ ਕਿ ਅੱਨਾ ਸੰਨ ੧੧੫੦ ਈ. ਵਿਚ ਜੀਉਂਦਾ ਸੀ। ਅਜਾਪਾਲ ਰਾਜਾ ਨੂੰ ਪੱਛਮੀ ਖੋਜੀ ੧੧੦੦ ਵਿਚ ਹੋਇਆ ਸਹੀ ਕਰਦੇ ਹਨ। -ਸੰਪਾਦਕ

---

* ਇਕ ਫੂਲ ਦਾ ਨਾਮ -water lily.

ਮਾਊਂਟ ਆਬੂ ਝਲਕਾਂ

## ਭਰਥਰੀ ਹਰੀ ਦੀ ਗੁਫ਼ਾ

ਸੁੰਦਰੀਆਂ ਤਜ ਭਰਥਰੀ ਨੱਠਾ
ਨੇਹੁੰ ਦਰੀਂ* ਸੰਗ ਆਨ ਲਗਾਯਾ।
ਕਵਿਤਾ ਸੁੰਦਰੀ ਨਾਲੇ ਆਈ
ਕਿਵੇਂ ਨ ਇਸਨੇ ਨੇਹੁੰ ਤੁੜਾਯਾ।
ਦਰੀਂ* ਵਸੰਦਿਆਂ ਕਵਿਤਾ ਸੁੰਦਰੀ
ਦੋ ਪੁਤਾਂ ਨੂੰ ਜਨਮ ਦਿਵਾਯਾ,
'ਨੀਤੀ' ਤੇ 'ਵੈਰਾਗ' ਸ਼ਤਕ ਬਨ
ਵਿਦਵਾਨਾਂ ਨੂੰ ਜਿਨ੍ਹਾਂ ਲੁਭਾਯਾ। ਪ੩।

(ਆਬੂ ੧੨-੧੦-੩੩) ਖ਼ਾ.ਸ.੭-੧-੧੯੮੦

**ਟੂਕ**:- ਭਰਥਰੀ ਹਰੀ ਨੇ ਲਿਖਿਆ ਹੈ 'ਏਕਾ ਨਾਰੀ ਸੁੰਦਰੀ ਵਾ ਦਰੀ ਵਾ'। ਅਰਥਾਤ ਇਕੋ ਨਾਰੀ ਚਾਹੀਦੀ ਹੈ ਚਾਹੇ ਇਸਤ੍ਰੀ ਚਾਹੇ ਕੰਦ੍ਰਾ। ਉਸ ਕਥਨ ਪਰ ਇਹ ਸਵੈਯਾ ਭਾਈ ਸਾਹਿਬ ਜੀ ਨੇ ਲਿਖਿਆ। ਭਰਥਰੀ ਦੀ ਗੁਫ਼ਾ ਅਚਲੇਸ਼੍ਵਰ ਹੈ। ਅਚਲ ਗੜ੍ਹ ਦੀ ਚੜਾਈ ਤੋਂ ਹੇਠਾਂ ਝੀਲ ਕਿਨਾਰੇ ਜਿਸ ਵਿਚ ਤ੍ਰੈ ਮਹਿਆਂ (ਸਾਂਡ -. He buffalo) ਦੇ ਪੱਥਰ ਦੇ ਬੁੱਤ ਹਨ ਤੇ ਇਕ ਤੀਰੰਦਾਜ਼ ਹੈ। ਭਾਈ ਵੀਰ ਸਿੰਘ ਜੀ ਅਚਲਗੜ੍ਹ ੨੭ ਸਤੰਬਰ ੧੯੩੩ ਨੂੰ ਗਏ ਸਨ।

-ਸੰਪਾਦਕ

* ਦਰੀ = ਕੰਦ੍ਰਾ।

ਮਾਊਂਟ ਆਬੂ ਯਾਤ੍ਰਾ:-

## ਆਬੂ ਦੀਆਂ ਗੁਫ਼ਾਂ

ਗੁਫਾਂ! ਕੁੰਦਰਾਂ ਆਬੂ! ਤੇਰੀਆਂ
ਅਸਾਂ ਫਿਰੇ ਫਿਰ ਡਿਠੀਆਂ।
ਥਾਉਂ ਸੁਹਾਵੇ ਪਾਣੀ ਹਰ ਥਾਂ
ਛਾਂਵਾਂ ਮਿਠੀਆਂ ਮਿਠੀਆਂ।
ਕਿਤੇ ਮੂਰਤੀ ਕਿਤੇ ਸਾਧ ਹੈ
ਕਿਤੇ ਦੁਏ ਹਨ ਬੈਠੇ,
ਪਰ ਜਿੰਦ-ਕਣੀਆਂ ਝੂਮ ਝੂੰਮਦੀਆਂ
ਅਸਾਂ ਨਾ ਕਿਧਰੇ ਡਿਠੀਆਂ। ੫੪।

(ਮਾਊਂਟ ਆਬੂ ਸਤੰਬਰ ੧੯੩੩) ਖਾ.ਸ. ੨੬-੬-੧੯੮੦

ਮਾਊਂਟ ਆਬੂ ਯਾਤ੍ਰਾ ਝਲਕੇ-

## ਰਾਮ ਝਰੋਖਾ ਆਦਿ

ਦੇਖਯਾ ਉਹ ਰਾਮ ਝਰੋਖਾ ਚੜ੍ਹਕੇ
ਗੁਹ ਹਾਥੀ ਦੇ ਦਰਸ਼ਨ ਕਰੇ।
ਫੁਰਜਾ ਮਨ ਦੇਖ ਗੁਫ਼ਾ ਚੰਪਾ ਦੀ
'ਇਸ ਇਕਾਂਤ ਬਹਿ ਪਾਪ ਝਰੇ।'
ਭਾਸਜਾ ਉਸ ਇਕਾਂਤ ਵਿਚ ਐਦਾਂ
ਗੁਰ ਨਾਨਕ ਪਜਾ ਹੁਕਮ ਕਰੇ:-
'ਰਹੁ ਨਿਰਅੰਜਨ ਅੰਜਨ ਮੱਧੇ
ਸਿਮਰ ਨਿਰੰਜਨ ਭਗਤ ਤਰੇ।' ੫੫

(ਮਾਊਂਟ ਆਬੂ ਸਤੰਬਰ ੧੯੩੩) ਖਾ.ਸ. ੧੪-੨-੧੯੮੦

ਮਾਊਂਟ ਆਬੂ ਯਾਤ੍ਰਾ ਝਲਕੇ-

## ਸੰਗ ਮਰਮਰ ਦਾ ਕੇਵਲ ਲਟਕਨ*

ਹੇ ਲਟਕਨ ਸੰਗ ਮਰਮਰ ਦੇ! ਤੁਧ
ਕਿਸ ਕਾਰੀਗਰ ਘੜਿਆ?
ਮੂੰਹੋਂ ਬੁਲਾ, ਹੇਠਾਂ ਪਲਮਾਇਆ
ਛਤ ਗੁਬੰਦ ਵਿਚ ਜੜਿਆ।
ਫੁਲ ਜਿੰਦ ਪੱਥਰ ਵਿਚ ਲਾਈ,
'ਸ਼ਿਲਾ' 'ਕਮਲ' ਇਕ ਕੀਤੇ,
ਨਜ਼ਰ ਫਸੇ ਜਦ ਨਕਸ਼ ਸੁਹਾਵੇ,
ਮੁੜੇ ਨ ਪਿੱਛੇ, ਅੜਿਆ!।੫੬।

(ਮਾਊਂਟ ਆਬੂ ਸਤੰਬਰ ੧੯੩੩) ਖਾ.ਸ. ੨੮-੨-੧੯੮੦

ਮਾਊਂਟ ਆਬੂ ਦੇ ਝਲਕੇ-

## ਆਬੂ ਨੂੰ ਅਲਵਿਦਿਆ

ਅਲਵਿਦਿਆ ਅਲਵਿਦਿਆ ਆਬੂ!
ਅਸੀਂ ਹੁਣ ਹੇਠਾਂ ਹਾਂ ਚੱਲੇ।
ਤੁਸੀਂ ਰਹੋ ਸਰਵੇ ਇਸ ਸ਼ਿਖਰੇ,
ਅਸੀਂ ਹਾਂ ਖੁਸ਼ ਰਹੀਏ ਥੱਲੇ।
ਦਿਨ ਜੁ ਬਿਤਾਏ ਨਾਲ ਤੁਸਾਡੇ,
ਓਹ ਸੁਰਤ ਹੁਲਾਰਿਆਂ ਬੀਤੇ,
'ਕੋਮਲ ਉਨਰ-ਨਜ਼ਾਰੇ-ਯਾਦਾਂ'
ਤੁਸਾਂ ਨਾਲ ਅਸਾਡੇ ਘੱਲੇ।੫੭।

(ਆਬੂ ੧੫-੧੦-੧੯੩੩) ਖਾ.ਸ. ੬-੩-੧੯੮੦

* ਤੇਜਪਾਲ ਦੇ ਮੰਦਰ ਦੇ ਵੱਡੇ ਗੁੰਬਜ਼ ਦਾ ਕੇਵਲ ਲਟਕਨ ਜੋ ਆਪਣੀ ਕਾਰੀਗਰੀ ਵਿਚ ਅਤਿ ਕਮਾਲ ਦੀ ਵਸਤੂ ਹੈ।

## ਹੇ ਬੰਬਈ!

ਤੂੰ ਸੁਹਣੀ, ਪਰ ਤੈਥੋਂ ਸੁਹਣੇ
ਤੈਂ ਸਾਗਰ ਦੇ ਦਰਸ਼ਨ,
ਸਾਗਰ ਗਲ ਲਗ ਆਈ ਪਵਨ ਦੇ
ਤੈਥੋਂ ਸੁਹਣੇ ਪਰਸਨ,
ਮਾਨੁਖ ਦੇ ਹਥਾਂ ਨੇ ਤੈਨੂੰ
ਸਾਜ ਸੰਵਾਰ ਸ਼ਿੰਗਾਰਿਆ,
ਕੁਦਰਤ ਰਚੇ ਸਾਗਰ ਤੋਂ ਵਰਸਨ
ਦਰਸਨ-ਸਰਸਨ-ਹਰਸਨ। ੫੮।
(ਬੰਬਈ ੧੪-੫-੧੯੪੬) ਖਾ.ਸ. ੨੦-੩-੧੯੮੦

## ਬੰਬਈ ਤੋਂ ਦਿੱਲੀ ਆ ਕੇ

ਸੁਣ ਬਬਾਨੀ ਗਰਮ ਹਵਾਏ!
ਮੁੜ ਆਏ ਇਸ ਦੇਸ਼।
ਤਪਨੀਏਂ ਆਪ, ਤਪਾਨੀਏਂ ਹੋਰਾਂ,
ਇਹ ਕੀ ਧਾਰਿਆ ਈ ਵੇਸ?

ਉੱਤਰ-
ਟੁਰ ਆਈ ਸਾਗਰ ਤੋਂ ਠਾਰਨ,
ਠਾਰ ਠਾਰ ਤਪ ਗਈਆਂ।
'ਲਾਜਪਾਲ' ਹੁਣ 'ਜਲ ਜੀ' ਆਸਣ,
ਠਰਸਾਂ ਆਪ ਠਾਰਸਾਂ ਦੇਸ। ੫੯।
(੧੯੪੬) ਖਾ.ਸ. ੩-੪-੧੯੮੦

# ਤਪਤ ਤਵਿਆਂ ਤੇ ਇੰਞ ਬੈਠੇ ਜਿਵੇਂ ਆਸਣ ਤੇ ਯੋਗੀ ਜਨ

ਧਾਰਨਾ:- ਫਿਰਾਤਾ ਹੈ ਹਮੇਂ ਕਹਾਂ ਕਹਾਂ
ਯਿਹ ਕਿਸਮਤ ਕਾ ਬਦਲ ਜਾਨਾ।

ਧਰਮ ਤਿਆਗਜਾ ਜਦੋਂ ਭਾਰਥ, ਘਟਾ ਕਸ਼ਟਾਂ ਦੀ ਚੜ੍ਹ ਆਈ।
ਵਗੇ ਆਂਧੀ ਅਨਰਥਾਂ ਦੀ ਜ਼ੁਲਮ ਬਿਜਲੀ ਕਰੇ ਧਾਈ।
ਝੜੀ ਪਾਪਾਂ ਦੀ ਆ ਲੱਗੀ ਪਿਆ ਹਨੇਰਾ ਅਵਿਦਜਾ ਦਾ।
ਗੁਰੂ ਨਾਨਕ ਨੇ ਤਦ ਜਗ ਵਿਚ ਧਰਮ ਦੀ ਵਾੜੀ ਆ ਲਾਈ।
ਅਧਰਮ ਅਰ ਪਾਪ ਸਭ ਹਤਕੇ, ਉਦੇ ਕੀਤਾ ਧਰਮ ਸੂਰਜ,
ਕੀਏ ਉਪਦੇਸ਼ ਥਾਂ ਥਾਂ ਤੇ, ਤੇ ਕੀਰਤ ਪ੍ਰਭੂ ਦੀ ਫੈਲਾਈ।
ਧਰਮ ਵਾੜੀ ਨੂੰ ਲਾ ਜਗ ਵਿਚ; ਗਏ ਸਚ ਖੰਡ ਨੂੰ ਸ੍ਰੀ ਗੁਰ,
ਗੁਰੂ ਅੰਗਦ ਰਹੇ ਮਗਰੋਂ, ਜਿਨ੍ਹਾਂ ਸੁਭ ਕਾਰ ਭੁਗਤਾਈ।
ਗੁਰੂ ਅਮਰ ਦਾਸ ਗੁਰੂ ਰਾਮ ਦਾਸ ਤਿਨ੍ਹਾਂ ਮਗਰੋਂ ਹੁਏ ਸਤਿਗੁਰ,
ਧਰਮ ਉਪਦੇਸ਼ ਅੰਮ੍ਰਿਤ ਸੰਗ ਸਿੰਜੀ ਵਾੜੀ ਜਿਨ੍ਹਾਂ ਭਾਈ।
ਭਏ ਪੰਚਮ ਗੁਰੂ ਅਰਜਨ ਲਗੇ ਸਤਿ ਧਰਮ ਫੈਲਾਵਨ,
ਬਚਾਕੇ ਨਰਕ ਥੋਂ ਪਾਪੀ, ਕਿ ਪੌੜੀ ਸੁਰਗ ਨੂੰ ਲਾਈ,
ਗੁਰਾਂ ਉਪਕਾਰ ਜੋ ਕੀਤੇ, ਕਿਵੇਂ ਗਿਣਤੀ ਦੇ ਵਿਚ ਆਵਨ,
ਖਲਵਾੜੇ 'ਚੋਂ ਜਿਉ ਵੰਨਗੀ ਕਹਾਂ ਸਤਿਗੁਰ ਦੀ ਵਡਿਆਈ।
ਲਵਾਏ ਖੂਹ ਬਾਵਲੀਆਂ ਬਣਾਏ ਤਾਲ ਤੇ ਮੰਦਰ,
ਕਈ ਸ਼ਹਿਰਾ ਦੀ ਨੀਂਹ ਰੱਖੀ, ਜੋ ਸਾਡੀ ਹੋਇ ਭਲਿਆਈ।
ਰਚਜਾ ਸੁੰਦਰ ਹਰੀ ਮੰਦਰ, ਲਵਾਯਾ ਤਾਲ ਚੌਫੇਰੇ,
ਜੋ ਪ੍ਰਭ ਕੀਰਤ ਦੇ ਗਾਇਨ ਵਿਚ, ਅਹੇ ਸਚਖੰਡ ਦੀ ਨਜਾਈਂ।
ਭਵ ਸਾਗਰ ਥੀਂ ਰਖਣ ਹਿਤ, ਬਨਾਇਆ ਗੁਰ ਨੇ ਬੋਹਿਥ ਇਕ।
ਚੜੇ ਜੋ ਪਾਰ ਹੋਵੇ ਝਟ, ਕਰੋ ਸੰਸਾ ਨ ਇਕ ਰਾਈ।
ਗੁਰੂ ਹੈ ਗਰੰਥ ਨਾਂ ਜਿਸਦਾ, ਓ ਹੈ ਜਹਾਜ਼ ਮੁਕਤੀ ਦਾ।
ਕਮਾਏ ਹੁਕਮ ਜੋ ਉਸਦਾ, ਪਰਮ ਗਤਿ ਤਿਸਨੇ ਹੈ ਪਾਈ।

ਜਦ ਇਹ ਉਪਕਾਰ ਗੁਰ ਕੀਤੇ, ਤਾਂ ਦੁਸ਼ਟਾਂ ਖਾਰ ਬਹੁ ਖਾਧੀ।
ਨ ਭਾਵੇਂ ਚੰਦ ਜਿਉਂ ਚੋਰਾਂ ਤਿਨ੍ਹਾਂ ਨੇਕੀ ਨ ਤਿਉਂ ਭਾਈ।
ਲਗੇ ਆਖਣ ਕਿ ਪੈਕੰਬਰ ਦੀ ਉਸਤੁਤਿ ਗਰੰਥ ਵਿਚ ਪਾਵੋ।
ਲਵੋ ਚੰਦੂ ਦਾ ਯਾ ਨਾਤਾ ਨਹੀਂ ਬਾਜ਼ੀ ਹੈ ਹਿਰ ਆਈ।
ਬ੍ਰਹਮ ਵਿਦਯਾ ਦੇ ਧ੍ਰਿਸ਼ਟਾਤਾ ਨਾ ਡੋਲੇ ਗੁਰੂ ਜੀ ਜਿਉਂ ਪਰਬਤ।
ਨਾ ਮੰਨਯਾ ਦੁਸ਼ਟ ਮੰਤਰ ਨੂੰ ਰਖੀ ਦੇ ਜਾਨ ਸਚਿਆਈ।
ਕਈ ਦਿਨ ਨੀਂਦ ਭੋਜਨ ਥੋਂ ਰਹੇ ਵਿਰਵੇ ਸ੍ਰੀ ਸਤਿਗੁਰ
ਉਬਲਦੀ ਦੇਗ ਪਾਣੀ ਵਿਚ ਪਵਿਤਰ ਦੇਹੀ ਤਦ ਪਾਈ।
ਨਾ 'ਸੀ', 'ਹਾਏ' ਗੁਰਾਂ ਕੀਤੀ, ਦਿਖਾਈ ਅਨਿੰਨ ਭਗਤੀ ਨਿਜ
ਸਹੇ ਸਭ ਖੇਦ ਦੇਹੀ ਤੇ ਰਹੇ ਪ੍ਰਭ ਸੰਗ ਲਿਵ ਲਾਈ।
ਤਪਤ ਤਵਿਆਂ ਤੇ ਇੰਵ ਬੈਠੇ ਜਿਵੇਂ ਆਸਣ ਤੇ ਯੋਗੀ ਜਨ।
ਜੋ ਬਾਣੀ ਵਿਚ ਕਿਹਾ ਗੁਰ ਨੇ ਉਹੋ ਹੀ ਕਰਕੇ ਦਿਖਲਾਈ।
ਜਾ ਤੱਤੀ ਰੇਤ ਪਾਈ ਦੇਹ ਤੇ, ਨਿਕਲ ਆਏ ਫਲੂਹੇ ਬਹੁ,
ਵਧੇ ਹਦੋਂ ਸਰੀਰਕ ਦੁਖ ਸਹੀ ਗੁਰ ਨੇ ਪ੍ਰਭੂ ਭਾਈ।
ਕਰ ਇਸ਼ਨਾਨ ਰਾਵੀ ਵਿਚ ਪੜ੍ਹੇ, ਫਿਰ ਜਾਪ ਜਪੁਜੀ ਦਾ
ਤਿਆਗੀ ਦੇਹ, ਕਿਸੀ ਦੀ ਨਾ ਗੁਰੂ ਨੇ ਚਿਤਵੀ ਬੁਰਿਆਈ
ਦਈ ਸਿਖਯਾ ਸਿਖਾਂ ਨੂੰ ਇਹ ਰਹੋ ਇਥੇ ਜਿਉਂ ਜਲ ਕਮਲੇ
ਪ੍ਰਭੂ ਸਿਮਰੋ ਦਿਨੇ ਰਾਤੀਂ ਸਦਾ ਇਸੇ ਥਾਂ ਨਾ ਰਹਿਣਾ ਈ
ਪ੍ਰਭੂ ਭਾਣੇ ਨੂੰ ਸਿਰ ਮੱਥੇ ਤੇ ਰਖਕੇ ਨਾਮ ਧਿਆਵੋ ਸਭ।੬੦।

ਖਾ.ਸ. ੮-੬-੧੯੭੮

## ਦੁਖ ਭਰ ਕੋਈ ਨ ਰੋਵੇ*

ਰਾਤ ਹਨੇਰੀ ਬਦੱਲ ਕਾਲੇ, ਵਾਉ ਉਲਟ ਹੈ ਵਗਦੀ,
ਹੈ ਤੂਫ਼ਾਨ ਸਮੁੰਦ੍ਰ ਮਚਿਆ, ਲਹਰ ਕਹਰ ਦੀ ਵਜਦੀ।
ਬੇੜੀ ਨਿਕਲ ਗਈ ਹੈ ਹੱਥੋਂ, ਸੁਤੇ ਪਏ ਮੁਹਾਣੇਂ,
ਇਸ ਬਿਪਤਾ ਤੋਂ ਬਚ ਜਾਣ ਦਾ, ਰਸਤਾ ਕੁਈ ਨ ਜਾਣੇ।
ਕੁਛ ਸੁਤੇ ਹਨ ਪਏ ਮੁਸਾਫ਼ਰ, ਪਤਾ ਨਹੀਂ ਕੀ ਹੋਵੇ?
ਜੋ ਜਾਗਣ ਸੋ ਹਸਣ ਖਿੜ ਖਿੜ, ਦੁਖ ਭਰ ਕੋਈ ਨ ਰੋਵੇ।੬੧।

## ਅਰਜ਼ੋਈ

ਜੁ ਲਾਈ ਆਪ ਸੀ ਸਾਈਆਂ! ਪੁਗਾ ਦੇ,
ਨਿਬਾਹ ਦੇ ਸੇਵ, ਹਾਂ ਲੇਖੇ ਲਗਾ ਦੇ।

ਤੇਰੀ ਹੈ ਮਿਹਰ ਸੇਵਾ ਦਾ ਜੁ ਬਖਸ਼ਣ,
ਬਿਰਦ ਤੇਰਾ ਸਿਰੇ ਉਸਨੂੰ ਚੜ੍ਹਾ ਦੇ।

ਤਿਰਾ ਹੈ ਬਾਗ ਫੁੱਲ ਤੇਰੇ ਸੁਹਾਵੇ,
ਤਿਰਾ ਹੈ ਤਾਣ ਜੋ ਚਿਮਨਾ ਖਿੜਾ ਦੇ।

ਕਿ ਕਾਮਾ ਫੁਲ ਲਿਆ ਕੇ ਪੇਸ਼ ਧਰਦਾ,
ਤੂੰ ਕਰ ਪਰਵਾਨ, ਜ਼ਰਾ ਕੁ ਮੁਸਕਰਾ ਦੇ।੬੨।

(ਖਾਲਸਾ ਸਮਾਚਾਰ)

* ਇਸ ਕਵਿਤਾ ਵਿਚ ਇਸ਼ਾਰਾ ਕੌਮ ਦੀ ਗ਼ਫ਼ਲਤ ਵਲ ਜਾਪਦਾ ਹੈ। ਇਹ ਕਵਿਤਾ ਡਾ. ਹਰਨਾਮ ਸਿੰਘ ਸ਼ਾਨ ਦੀ ਪੁਸਤਕ "ਵਿਆਖਿਆ ਕਲਮ ਦੀ ਕਰਾਮਾਤ" ਵਿਚੋਂ ਲਈ ਹੈ ਤੇ ਸ਼ਾਨ ਜੀ ਨੇ ਅਗੋਂ ਰਾਵਲਪਿੰਡੀ ਦੇ ਮਾਸਕ ਪੱਤਰ "ਫਲੇਰੇ" ਦੇ ਅਕਤੂਬਰ, 1941 ਵਿਚੋਂ ਲਈ ਹੈ। -ਸੰਪਾਦਕ

## ਨੈਣਾਂ ਨਾਲ ਅੰਮ੍ਰਿਤ ਪੀ

ਖਿੜ ਗੁਲਾਬ ਵਿਚ ਸੁੰਦਰਤਾ ਦੇ
ਡੁਲ੍ਹ ਡੁਲ੍ਹ ਮਾਨੋਂ ਪੈਂਦਾ,
ਪਰ ਹੇਠਾਂ ਕੰਡਾ ਛਹਿ ਬੈਠਾ,
ਮਸਤਾਂ ਨੂੰ ਪਿਆ ਕਹਿੰਦਾ:
'ਨੈਣਾਂ ਨਾਲ ਨੇਹੁੰ ਨਾਲ ਇਸਦੇ
ਲਾਕੇ ਪੀ ਲਓ ਅੰਮ੍ਰਿਤ,
"ਜੱਫਾ-ਮਾਰ' ਨੇਹੁੰ ਜੋ ਲਾਂਦਾ
ਉਹ ਪੀੜਾਂ ਬੀ ਸਹਿੰਦਾ'।੬੩।

ਖਾ.ਸ. ੧੨ ਦਸੰਬਰ,੧੯੫੭

## ਹੋਰ ਨ ਨਜ਼ਰੀਂ ਆਵੇ

ਮੈਂ ਅੰਨ੍ਹੀ ਨੂੰ ਨਿੱਤ ਸੁਆਰੇਂ
ਹਾਰ ਸ਼ਿਗਾਰ ਲਗਾਵੇਂ,
ਸੁੰਦਰਤਾ ਦਾ ਮੇਰੇ ਅੰਦਰ
ਸੁੱਤਾ ਨਾਦ ਜਗਾਵੇਂ।
ਰਸ ਮੱਤੀ ਇਸ ਜਾਗ ਅੰਦੂਲੀ
ਮੈਂ ਹੁਣ ਅੱਖਾਂ ਮੰਗਾਂ,
ਵੇਖਾਂ ਕਿਵੇਂ ਦੀਦਾਰ ਤੁਹਾਡਾ
ਹੋਰ ਨ ਨਜ਼ਰੀਂ ਆਵੇ।੬੪।

ਖਾ.ਸ. ੮ ਫਰਵਰੀ, ੧੯੭੯

## ਗ਼ਰਜ਼ਾਂ

ਗ਼ਰਜ਼ਾਂ ਮਾਰ ਮੁਕਾਈਆਂ ਲੋੜਾਂ,
ਚੁਣ ਚੁਣ ਦੂਰ ਵਗਾਹੀਆਂ।

ਰਕਤ ਬੀਜ* ਦਾਨਵ ਦੇ ਵਾਂਙੂ,
ਹੋਰ ਹੋਰ ਉਗ ਆਈਆਂ।

ਪਰ-ਸੁਆਰਥ ਉਪਕਾਰ ਰੂਪ ਲੈ,
ਕਦੇ ਵੇਸ ਕਈ ਕਰ ਕਰ;

ਮੁੜ ਮੁੜ ਆਈਆਂ ਪਯਾਰ ਮੇਰੇ ਨੂੰ,
ਬਜ ਲਾਵਣ ਉਹ ਸਾਈਆਂ।੬੫।

(ਨਵੀਂ ਦਿੱਲੀ ੨੦-੪-੧੯੪੦)
ਖਾ.ਸ. ੧੭-੪-੧੯੭੯

---

* ਰਕਤਬੀਜ ਇਕ ਰਾਕਸ਼ਸ਼ ਦਾ ਨਾਮ ਹੈ ਜਿਸਦੇ ਖ਼ੂਨ ਤੋਂ ਹੋਰ ਰਾਕਸ਼ਸ਼ ਪੈਦਾ ਹੋ ਜਾਂਦੇ ਹਨ।

# ਵਾਹ ਤੇਰੀਆਂ ਦਾਨਾਈਆਂ

ਵਾਹ ਤੇਰੀਆਂ ਦਾਨਾਈਆਂ ਦੁਨੀਆਂ!
ਵਾਹ ਤੇਰੀਆਂ ਦਾਨਾਈਆਂ!

ਖੰਭ ਅਕਲ ਦੇ ਸੜਦੇ ਜਿੱਥੇ
ਹੋਣੀਆਂ ਉਹ ਵਰਤਾਈਆਂ!

ਗੁਰੂ ਅਰਜਨ ਬੇਦੋਸੇ ਪਕੜੇ
ਕੀਤੀਆਂ ਰੇਤ ਵਿਛਾਈਆਂ।

ਉਤੋਂ ਹੋਰ ਤੱਤੀਆਂ ਰੇਤਾਂ
ਭਰ ਭਰ ਕੜਛ ਪਵਾਈਆਂ।

ਕਰੋੜਾਂ ਲੱਖਾਂ ਲੋਕਾਂ ਹੁਣ ਤਕ
ਨਿੰਦੀਆਂ ਤੁਧ ਅਨਿਆਈਆਂ!

ਫਿਟਕਾਰਾਂ ਫਿਟਕਾਰਾਂ ਮਿਲਦੀਆਂ
ਅਜ ਤਕ ਤੁਸਾਂ ਦਾਨਾਈਆਂ! ੬੬।

ਖਾ.ਸ. ੧੨ ਜੂਨ, ੧੯੮੦

## ਨਾਮ ਦਾ ਵਾਸਤਾ

ਜਦੋਂ ਅਕਲ ਦੀ ਵੰਡ ਸੀ ਤੁਸਾਂ ਕੀਤੀ
ਬੰਦੀ ਗੈਰ ਹਾਜ਼ਰ ਤਦੋਂ ਰਹੀ ਸਾਈਆਂ!
ਰਹੀ ਊਂਘਦੀ, ਬੈਠੀ ਸਾਂ ਪਾਸ ਭਾਵੇਂ
ਜਦੋਂ ਮਸਤਕੇ ਤੇ ਕਲਮਾਂ ਤੁਸਾਂ ਵਾਹੀਆਂ।
ਏਥੇ ਆਈ ਤਾਂ ਛਪਨ ਹੋ ਤੁਸੀਂ ਬੈਠੇ
ਇਕ ਨਾਮ ਤੁਸਾਡਾ ਯਾਦ ਰਹਿ ਗਿਆ ਏ,
ਓਸ ਨਾਮ ਦੇ ਵਾਸਤੇ ਘੱਤਦੀ ਹਾਂ
ਜਦੋਂ ਜਦੋਂ ਚੋਟਾਂ ਸਿਰ ਆਣ ਪਈਆਂ॥੬੭॥

(ਬੰਬਈ ੨੦-੨-੧੯੫੨) ਖਾ.ਸ.੧੯-੬-੧੯੮੦

## ਇਕ ਸੁਹਣੀ ਵੀਚਾਰ

ਜੇਹੀ ਮਿਲੀ ਸੁ ਖਾਇਕੇ ਸੌਂ ਕੇ ਪੌਣੀ ਰਾਤ,
ਕਿਰਤ ਕਮਾਈ ਧਰਮ ਦੀ ਕਰ ਕੀਤੀ ਗੁਜ਼ਰਾਨ।
ਭਲਾ ਚਿਤਵਿਆ ਸਭਸ ਦਾ ਕਿਸੇ ਨ ਦਿੱਤਾ ਦੁੱਖ
ਫਿਰ ਜੋ ਸਾਂਈਂ ਪਯਾਰਿਆਂ ਦੇਵੇ ਕਿਉਂ ਕੋਈ ਤਾਅਨ।
ਕਿਉਂ ਆਖਣ ਉਸ: ਭੋਲਿਆ! ਸਾਂਈਂ ਮਗਰ ਨ ਲੱਗ
ਜਦ ਓ ਸਾਰੇ ਹੋ ਰਹੇ ਮਾਇਆ ਦੇ ਪਿਛ-ਲੱਗ
ਮਾਇਆ ਨੇ ਸਿਖਲਾਇਆ ਲੋਚੋ ਅਪਣਾ ਆਪ,
ਖ਼ੁਦਗਰਜ਼ੀ ਦੇ ਲਾਭ ਨੂੰ ਸਾਜੋ ਅਪਣਾ ਮਾਪ।
'ਮੈਂ ਮੈਂ' 'ਮੈਂ ਮੈਂ' ਕੂਕਦੇ ਖਿੱਚ ਰਹੇ ਤਲਵਾਰ।
ਸਾਂਈਆਂ ਜੀ ਤੋਂ ਭੁੱਲਕੇ ਸਭ ਦਾ ਭਲਾ ਵਿਸਾਰ,
ਸੁਖ ਨ ਪੈਦਾ ਹੋਵਣਾ, ਕਰ ਲਓ ਬੈਠ ਵਿਚਾਰ॥੬੮॥

(ਕਸੌਲੀ ੧੫-੯-੫੨) ਖਾ.ਸ. ੩ ਜੁਲਾਈ, ੧੯੮੦

# ਕਰਤ੍ਰੀ ਸ਼ਕਤੀ ਵਾਲੇ ਤੇ ਖੋਰੀ

'ਕਰਤ੍ਰੀ ਸ਼ਕਤਿ' ਜਿਨ੍ਹਾਂ ਵਿਚ ਪਾਈ
ਓਹ ਕਰਨੋ ਨਹੀਂ ਰਹਿੰਦੇ,
ਕੀਤੇ ਨਾਲ ਚੰਦ ਜਿਉਂ ਚਮਕਣ
ਖੋਰੀ* ਚਮਕ ਨ ਸਹਿੰਦੇ।
ਚਾਂਦ-ਮਾਰੀ[1] ਦਾ ਚੰਦ ਉਨ੍ਹਾਂ ਨੂੰ
ਖੋਰੀ* ਹੈਨ ਬਣਾ ਲੈਂਦੇ,
ਪਰ ਓ ਫੁੰਡੇ ਜਾਂਦੇ ਹਸਦੇ
ਕਿਸੇ ਨਾਲ ਨਾ ਖਹਿੰਦੇ। ੬੯।

(੧੩-੯-੧੯੫੧) ਖਾ.ਸ. ੨੯ ਅਗਸਤ, ੧੯੮੦

# ਵਿਦਯਾ ਦੀ ਪੁਕਾਰ

ਰੂਪ ਧਾਰਕੇ ਤੇਜ ਪ੍ਰਤਾਪ ਵਾਲਾ
ਵਿਦਯਾ ਸੂਰਜ ਦੇ ਵਾਂਗ ਹੈ ਦੇਸ਼ ਆਈ।

ਖੜੀ ਤਖ਼ਤ ਪ੍ਰਕਾਸ਼ ਤੇ ਕੂਕਦੀ ਏ
ਮੇਰੀ ਸ਼ਰਨ ਆਵੋ ਮੇਰੀ ਸ਼ਰਨ ਭਾਈ।

ਜਿਸਨੂੰ ਲੋੜ ਹੈ ਸੁਖ ਅਰਾਮ ਵਾਲੀ
ਮੇਰੀ ਸ਼ਰਨ ਆਵੇ ਸਾਰਾ ਜ਼ੋਰ ਲਾਈ।

ਕਾਮਯਾਬੀ ਦਾ ਤੁਰਲਾ ਜੋ ਲੋਚਦਾ ਹੈ
ਮੇਰੀ ਸ਼ਰਨ ਆਵੇ ਕਰੇ ਅਜ ਧਾਈ॥੭੦॥

ਖਾ.ਸ. ੨੦ ਮਾਰਚ, ੧੯੧੯

---

* ਬਦਲੇ ਦੀ ਭਾਵਨਾ ਵਾਲੇ। 1. ਬਦਲਾ ਲੈਣ ਦੀ ਮਾਰ ਦੇ ਦਾਇਰੇ ਵਿਚ।

## ਸੱਜਣ (ਠੱਗ) ਦੀ ਭੈਣ

ਲਟਕ ਰਹੀ ਦਰ ਨਾਲ ਸੁਹਣਿਆਂ! ਸੱਜਣ ਦੀ ਇਕ ਭੈਣ,
ਪਕੜ ਦਲ੍ਹੀਜਾਂ ਦੀ ਦਈ ਰੱਖੀ ਬੋਲ ਰਹੀ ਏ ਬੈਣ:
"ਮਹਿਲ ਅੰਦਰ ਦੇ ਲਾਇਕ ਨਾ ਮੈਂ ਲਗੇ ਰਹਿਣ ਦਰ ਨੈਣ,
"ਦਰ-ਢੱਠਣੀ ਨਾਂ ਖੋਹੀਂ ਦਾਤਾ! ਇਹੋ ਮਿਰਾ ਸੁਖ ਚੈਨ।
"ਚਰਣ ਧੂੜ ਦੇ ਕਿਣਕਿਆਂ ਸਿਕਦੀ, ਬੈਠ ਰਹੀ ਹਾਂ ਦ੍ਵਾਰ,
"ਕਿਣਕੇ ਕਦੀ ਉਡੀਂਦੇ ਕੁਛ ਤਾਂ ਮੈਂ ਨੈਣਾਂ ਵਿਚ ਪੈਣ।
"ਆਪ ਗਏ ਟੁਰ ਸੱਜਣ ਦ੍ਵਾਰੇ ਕੌਡੇ ਦੇ ਤੁਰ ਧਾਮ,
"ਦੁਹੁੰ ਤੋਂ ਬੜੀ ਕੁਟਿਲ ਦਰ ਤੇਰੇ ਬੈਠ ਰਹੀ ਦਿਨ ਰੈਣ।
"ਟੱਪਣ ਦੇਣ ਦਲ੍ਹੀਜ ਨ ਮੈਨੂੰ ਮੇਰੇ ਆਪਣੇ ਦੋਸ਼,
"ਪਕੜ ਮੁਹਾਠ ਤੇਰੀ ਦੀ ਸਾਈਆਂ! ਇਸ ਵਿਚ ਮੈਨਾਂ ਚੈਨ।
"ਤ੍ਰੁਠਾ ਰਹੀਂ, ਦਈ ਮੈਂ ਰੱਖੀਂ, ਦਰ ਲਟਕਣ ਦੀ ਦਾਤ,
"ਝਾਤ ਬੰਨ੍ਹ ਅੰਦਰ ਨੂੰ ਤਕਦੇ ਸਦਾ ਰਹਿਣ ਮੈਂ ਨੈਣ॥"੭੧॥

(ਕਸੌਲੀ ੨੬-੯-੧੯੫੧) ਖਾ.ਸ. ੧੧-੯-੧੯੮੦

## ਤੜਪ*

ਤੜਪ ਪਈ ਤੜਪਾਂਦੀ ਅੰਦਰ ਸਿਕ ਕੁਈ ਧ੍ਰੂ ਪਾਂਦੀ ਹੈ
ਅਣ ਬੁਝਦੀ ਕੁਈ ਡੰਝ ਕਾਲਜਾ ਖੁਹ ਖੁਹ ਕੇ ਲਈ ਜਾਂਦੀ ਹੈ
ਕੁਝ ਹੁੰਦਾ ਕੁਝ ਹੁੰਦਾ ਭਾਸੇ, ਕੀ ਭਾਸੇ? ਕੁਈ ਸਮਝ ਨਹੀਂ
ਪੀੜ ਕਲੇਜੇ, ਨੀਰ ਨੈਣ ਵਿਚ ਘੁਲਦੀ ਜਿੰਦੜੀ ਜਾਂਦੀ ਹੈ॥੭੨॥

* ਇਹ ਕਵਿਤਾ ਸ੍ਰੀ ਕਲਗੀਧਰ ਚਮਤਕਾਰ (ਉਤ੍ਰਾਰਧ) ਅਧਿਆਏ 84 "ਇਬਰਾਹੀਮ ਅਜਮੇਰ ਸਿੰਘ" ਪੰਨਾ-206 ਤੇ ਹੈ। -ਸੰਪਾਦਕ

## ਜੋੜਨਹਾਰ ਬੂੰਦ

ਦੇਹ ਇਕ ਬੂੰਦ ਸੁਰਾਹੀਓਂ ਸਾਨੂੰ
ਸੋਚ ਸਮੁੰਦਰ ਬੋੜੇ।
ਬੇਖ਼ੁਦੀਆਂ ਦੇ ਚਾੜ੍ਹ ਅਰਸ਼ ਤੇ
ਆਸ ਅੰਦੇਸੇ ਤੋੜੇ।
ਰੰਗ ਸੁਹਾਵੇ ਤੇ ਨੌਰੰਗੀ
ਪੀਂਘ ਘੁਕੇ ਆਨੰਦੀ,
ਆਣ ਹੁਲਾਰੇ ਅਮਰ ਸੁਖਾਂ ਦੇ
ਮੁੜਨ ਨਾ; ਐਸਾ ਜੋੜੇ॥੭੩॥

## ਪਵਾਂ ਨ ਕਿਸੇ ਭੁਲੇਵੇਂ

(ਅਭਿਨੰਦਨ ਗ੍ਰੰਥ ਭੇਟਾ ਹੋਣ 'ਤੇ)

ਜਗਤ ਪ੍ਰਸਿੱਧ ਦਾਨਿਆਂ ਮਿਲਕੇ ਮੂਰਤ ਇਕ ਬਨਾਈ,
ਚੁਣ ਚੁਣ ਸੁਹਣੇ ਰੰਗ ਅਨੇਕਾਂ ਇਹ ਤਸਵੀਰ ਫਬਾਈ,
ਇਹ ਤਸਵੀਰ ਜੜੀ ਵਿਚ ਸ਼ੀਸ਼ੇ, ਸ਼ੀਸ਼ਾ ਸੀ ਕਰਾਮਾਤੀ,
ਜੜੀ ਮੂਰਤ ਨੂੰ ਪਿਆ ਦਿਸਾਵੇ ਨਾਲੇ ਆਪਾ ਝਾਤੀ।

ਪਰ ਜਦ ਗਹੁ ਕਰ ਦ੍ਰਿਸ਼ਟੀ ਕੀਤਾ:
ਮੂੰਹ ਦਿੱਸਣ ਵਾਲੇ ਸ਼ੀਸ਼ੇ ਦਾ ਕੰਮ ਬੀ ਇਹ ਪਜਾ ਦੇਵੇ,
ਜਦ ਮੈਂ ਤੱਕਾਂ ਇਸ ਮੂਰਤ ਵਿਚ ਪ਼ਵਾਂ ਨ ਕਿਸੇ ਭੁਲੇਵੇਂ॥੭੪॥

ਖਾ.ਸ. ੭ ਜੂਨ, ੧੯੭੯

---

**ਨੋਟ:-** ਅਭਿਨੰਦਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਰਖਿਆ ਤੇ ਉਥੇ ਹੀ ਕਈ ਦਿਨ ਪਿਆ ਰਿਹਾ। ਇਹ ਅਭਿਨੰਦਨ ਗ੍ਰੰਥ ਕਿਸੇ ਵੇਲੇ ਭਾਈ ਸਾਹਿਬ ਜੀ ਨੇ ਸਰਸਰੀ ਤੌਰ 'ਤੇ ਡਿੱਠਾ ਤੇ ਜੋ ਖ਼ਿਆਲ ਆਏ ਇਸ ਕਵਿਤਾ ਵਿਚ ਕਲਮਬੰਦ ਕਰ ਦਿਤੇ। –ਸੰਪਾਦਕ, ਗਿਆਨੀ ਮਹਾਂ ਸਿੰਘ

# ਨਾਮ ਕਿਉਂ ਛਿਪਾਇਆ

(ਡਾਕਟਰ ਪਦ ਮਿਲਣ 'ਤੇ)

ਨਾਮ ਅਸਤਿ ਹੈ ਸਾਡਾ ਨੀ ਸਹੀਓ!
ਹਾਂ ਸੱਤਜ ਹੈ ਨਾਮ ਇਕ ਸਾਈਂ।
ਏਸ ਲਈ ਅਸੀਂ ਨਾਮ ਛਿਪਾਈਏ
ਅਸੱਤਿ ਦੀ ਕੀਹ ਵਡਿਆਈ?

ਐਪਰ:-
ਦਾਨਿਆਂ ਇਕ ਵਿਸ਼ੇਸ਼ਣ ਘੱਲਿਆ
"ਇਸ ਨਾਮ ਦੇ ਨਾਲ ਲੈ ਲਾਈਂ"
ਸੱਜਣ ਨਾਲ ਵਧਾਈਆਂ ਘੱਲਣ
ਤੇ ਰਸਮ ਕਹੇ ਇਹ ਆਈ:
"ਘੱਲ ਸ਼ੁਕਰਾਨੇ;" ਅਸੀਂ ਹਿਰਾਨੇ
ਨਿਤ ਨਾਮ ਤਾਂ ਰਹੇ ਛਿਪਾਈ,
ਨਾਮ ਅੱਸਤਿ ਨੂੰ ਮਿਲਜਾ ਵਿਸ਼ੇਸ਼ਣ
ਹੁਣ ਕੀਕੂੰ ਫਬਾਈਏ ਭਾਈ!
ਸੱਜਣੋ! ਜਿਨ੍ਹਾਂ ਨੇ ਘੱਲੀ ਵਧਾਈ
ਇਕ ਦਿਓ ਅਸੀਸ ਸੁਖਦਾਈ:-
"ਸਤਿਨਾਮ ਰਹੀਂ ਲਿਵਲਾਈ
ਰਬ ਰਜ਼ਾਈ ਇਹ ਰੰਗ ਲਾਈ"॥੭੫॥
ਖਾ.ਸ. ੭ ਜੂਨ, ੧੯੭੯

**ਨੋਟ**:- ਭਾਈ ਵੀਰ ਸਿੰਘ ਹੁਰਾਂ ਸਦਾ ਆਪਣੇ ਆਪ ਨੂੰ ਛਿਪਾ ਕੇ ਰਖਿਆ ਕਿਸੇ ਪੁਸਤਕ ਤੇ ਨਾਮ ਨਹੀਂ ਦਿੱਤਾ, ਸਦਾ ਛਿਪੇ ਰਹਿਣ ਦੀ ਚਾਹ ਰਹੀ। ਇਸਦਾ ਕਾਰਨ ਦਸ ਰਹੇ ਹਨ। -ਸੰਪਾਦਕ

# ਸਤਵੰਤ ਕੌਰ ਦੀ ਅਮਾਂ ਦਾ ਬਿਰਹਾ[1]

ਵਿਛੁੜ ਕੇ ਤੂੰ ਸੁਹਣੀਏ!
ਮੱਲਿਆ ਕਿਹੜਾ ਮੁੱਖ[2] ਨੀ?

ਨਿੱਜ ਜੰਮਦੀਓ ਤੂੰ ਬਚੜੀਏ!
ਅੱਤ ਚੰਗੇਰੀ ਕੁੱਖ ਨੀ?

ਕਿਹਾ ਭੁਲਾਵਾ ਛਲ ਗਿਆ,
ਹੋ ਗਈ ਕੇਹੀ ਚੁੱਖ ਨੀ!

ਹਾਵੇ ਖਾ ਗਏ ਜਿੰਦੜੀ,
ਦਿਲ ਨੂੰ ਖਾ ਗਈ ਧੁੱਖ ਨੀ।

... ... ...

ਡੋਲੇ ਬੇੜੀ ਸਿਦਕ ਦੀ
ਲੱਦ ਗਏ ਦਿਲ-ਸੁੱਖ ਨੀ।

ਸੁਪਨੇ ਵਿਚ ਹੀ ਆ ਮਿਲੇ,
ਦੇਖਾਂ ਤੇਰਾ ਮੁੱਖ ਨੀ॥੭੬॥

... ... ...

1. ਸਤਵੰਤ ਕੌਰ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਨਾਵਲ "ਸਤਵੰਤ ਕੌਰ" ਦੀ ਨਾਇਕਾ ਹੈ। ਸਿੱਖ ਕੌਮ ਦੀਆਂ ਚੜ੍ਹਦੀਆਂ ਕਲਾਂ ਬਾਰੇ ਵਧੇਰੇ ਜਾਨਕਾਰੀ ਲਈ ਪੜ੍ਹੋ ਨਾਵਲ "ਸਤਵੰਤ ਕੌਰ" ਜੋ ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕਿਟ, ਨਵੀਂ ਦਿੱਲੀ-11001 ਤੋਂ ਮਿਲ ਸਕਦਾ ਹੈ।
2. ਮੁਲਕ ਦਾ ਸੰਖੇਪ ਪੰਜਾਬੀ ਸਰੂਪ ਗੀਤਾਂ ਵਿਚ 'ਮੁੱਖ' ਹੈ। ਯਥਾ- 'ਇਕ ਮੋਏ ਇਕ ਵਿਛੁੜੇ ਇਕਨਾ ਮੱਲ ਲਏ ਮੁੱਖ'। -ਸੰਪਾਦਕ

# ਸਤਵੰਤ ਕੌਰ ਦਾ ਬਿਰਹਾ

ਕਿਸੇ ਗੁਆਂਢਣ ਨੇ ਆਖਿਆ ਮਾਏ!
ਤੇਰਾ ਪਿਓ ਭਰਾ ਗਿਆ ਆਇ!
ਜੀ ਵਿਚ ਹੋਈਆਂ ਸ਼ਾਦੀਆਂ ਮਾਏ!
ਮੇਰੇ ਮਨ ਵਿਚ ਹੋਇਆ ਏ ਚਾਇ!
ਮੇਰੀ ਰਾਣੀਏ ਰਾਜ ਬਹਾਲੀਏ,
ਮੇਰੀ ਸਦਾ ਸੁਖਾਲੀਏ,
ਪੁੱਤ੍ਰਾਂ ਵਾਲੀਏ ਮਾਏ!੧

ਪੱਕੀ ਖੂਹੀ ਘੜਾ ਰੰਗਲਾ,
ਨੀ ਜਿੱਥੇ ਅੰਬੜੀ ਪਾਣੀ ਭਰੇ!
ਇਕ ਭਰ ਧਰੇ ਦੂਜਾ ਸਿਰ ਧਰੇ,
ਨੀ ਸਾਨੂੰ ਧੀਆਂ ਨੂੰ ਯਾਦ ਕਰੇ।
ਮੇਰੀ ਰਾਣੀਏ ਰਾਜ ਬਹਾਲੀਏ,
ਮੇਰੀ ਸਦਾ ਸੁਖਾਲੀਏ,
ਪੁੱਤ੍ਰਾਂ ਵਾਲੀਏ ਮਾਏ!੨.

ਸਾਂ ਢੂਲ ਪਰਛਾਵੇਂ ਬਹਿੰਦੀਆਂ ਮਾਏ!
ਅਸੀਂ ਮਾਵਾਂ ਤੇ ਧੀਵੜੀਆਂ!
ਨੀ ਮੈਂ ਸਿਰ ਗੁੰਦਾਂ ਤੇਡੜਾ ਮਾਏ!
ਤੂੰ ਕਰ ਗੱਲਾਂ ਮਿੱਠੜੀਆਂ!
ਮੇਰੀ ਰਾਣੀਏਂ...... !੩.

ਅੰਬੜਿ ਅੰਬੜਿ ਕਰਾਂ ਮੈਂ ਮਾਏ!
ਮੇਰੀ ਅੰਬੜੀ ਕੇਡਾ ਹਿੱਤ ਨੀ!
ਮਨੋ ਵਿਸਾਰੀ ਧੀਵੜੀ ਮਾਏ!
ਮੇਰੀ ਐਮੀ ਸੁਖਾਲੜਾ ਚਿਤ ਨੀ।
ਮੇਰੀ ਰਾਣੀਏਂ.....!੪.

ਕੰਧ ਕੰਧਾਰੀ ਬੈਠੀ ਹਾਂ ਮਾਏ!
ਮੇਰਾ ਚਿੱਤ ਭਰਾਵਾਂ ਦੇ ਵਿਚ ਨੀ!
ਮੇਰੇ ਨੈਣ ਛਮਾ ਛਮ ਰੋਂਵਦੇ!
ਮੇਰਾ ਕਾਲਜਾ ਧ੍ਰੂਹਦੀ ਖਿੱਚ ਨੀ।
ਮੇਰੀ ਰਾਣੀਏਂ....!੫.॥੭੭॥

## ਅੱਛਾ ਹੈ ਕੁਛ ਲੇ ਜਾਨੇ ਸੇ ਦੇ ਕਰ ਹੀ ਕੁਛ ਜਾਨਾ

ਜੋਬਨ ਸਮੇਂ ਮਿਤ੍ਰ ਬਹੁ ਆਏ,
ਭਾਂਤ ਭਾਂਤ ਕੇ ਲਾਡ ਲਡਾਏ।

ਗੁਣ ਗਾਵੈਂ ਜਸ ਕਹਿ ਰੀਝਾਵੈਂ,
ਹਸ ਹਸ ਮਿਲੈਂ ਪ੍ਰਸੰਨ ਹੁਇ ਜਾਵੈਂ।

ਜਬ ਆਵੈਂ ਤਬ ਅਧਿਕ ਲਡਾਵੈਂ,
ਉਪਮਾਂ ਕਰਤ ਥਕਤ ਹ੍ਵੈ ਜਾਵੈਂ।

ਮੈਂ ਸਮਝਾ: ਸਭ ਕਾ ਸਿਰਤਾਜ,
ਮੈਂ ਬਿਨ ਕੌਨ ਗਰੀਬ ਨਿਵਾਜ?

ਹਾਇ ਸ਼ੋਕ! ਅਬ ਰੰਗ ਬਿਨਾਸਾ,
ਅਪਦਾ ਆਣ ਚਾਣਚਕ ਗ੍ਰਾਸਾ।

ਮਿਤ੍ਰ ਸਖਾ ਕੋ ਨਦਰ ਨ ਆਵੇ,
ਇਸ ਆਪਤ ਤੇ ਮੋਹਿ ਬਚਾਵੇ,

ਟੂਟ ਚਲੇ ਸਭ ਤਨ ਕੇ ਸਾਜੇ,
ਸਿਰ ਪਰ ਮੌਤ ਨਗਾਰਾ ਬਾਜੇ।

ਅਬੀ ਕਿ ਪਲ ਕੋ ਮੁਹਤ ਕਿ ਕਾਲ।
ਕਾਲ ਬਲੀ ਗ੍ਰਸ ਕਰ ਹੈ ਕਾਲ।

ਬ੍ਰਿਥਾ ਹੁਤੋ ਵਹ ਸੁੰਦਰ ਰੰਗ,
ਬ੍ਰਿਥਾ ਰੂਪ ਅਰ ਅਗਰੇ ਅੰਗ।

ਮੈ ਨ ਰਹਾ ਗੁਣ ਰਹੇ ਨ ਮੇਰੇ।
ਕੌਨ ਕਾਜ ਯਹ ਜਨਮ ਲੀਓ ਰੇ?

ਸਮਝ ਨ ਪਰੀ ਕਾਲ ਗ੍ਰਸ ਲਇਆ।
ਕੇਵਲ ਭੋਗ ਕਾਲ ਕਾ ਭਇਆ।

ਕਾਲ ਛੁਧਾ ਨਿਰਵਾਰਨ ਕਾਜਾ?
ਕਜਾ ਬਿਧਿ ਨੇ ਸਭ ਜਗ ਉਪਰਾਜਾ?

ਮੁਖ ਪਸਾਰ ਮੁਹਿ ਕਾਲ ਨਿਹਾਰੇ;
ਅਹੋ ਕਾਲ! ਹਮ ਭੋਗ ਤਿਹਾਰੇ!

ਸੁੱਕੇ ਫੁੱਲ ਨਾ ਰਹੀ ਖੁਸ਼ਬੋ ਰੱਤੀ,
ਰਸ ਰੂਪ ਤੇ ਰੰਗ ਦਾ ਨਾਸ਼ ਹੋਇਆ।

ਵਾਹਵਾਂ ਲਾ ਥੱਕੇ, ਮਾਲੀ ਹਾਰ ਹੁੱਟੇ,
ਬਲੀ ਕਾਲ ਦਾ ਇਕ ਨਾਂ ਵਾਲ ਖੋਹਿਆ।

ਸਮੇਂ ਪੁੱਜਣੇ ਤੇ ਪੱਤੇ ਸਿੱਟ ਸੁੱਕੇ,
ਪਾਣੀ ਪੌਣ ਤੇ ਖਾਦ ਨਾ ਕੁਝ ਪੋਹਿਆ।

ਸ਼ਹਤ ਡੂੰਮਣੇ; ਗਾਂਧੀ ਨੂੰ ਅਤਰ ਫੁਲ ਜੋ
ਜੀਉਂਦੇ ਬਖਸ਼ਿਆਂ, ਉਨ੍ਹਾਂ ਦੇ ਜੱਗ ਮੋਹਿਆ॥੭੮॥

ਖਾ:ਸ: ੨੧ ਜਨਵਰੀ, ੧੯੦੧

# ਸੁੰਦਰਤਾ ਦਾ ਰਸ ਮਾਣਨ ਹਿਤ

ਆਪਾ ਮਗਨ ਗੁਲਾਬ ਇਕ ਖਿੜਿਆ
ਵਿਚ ਗੁਲਜ਼ਾਰ ਖੜਾ ਸਰਦਾਰ।

ਡੁੱਲ੍ਹ ਡੁੱਲ੍ਹ ਪੈਂਦੀ ਵੇਖ ਸੁੰਦਰਤਾ
ਗਿਆ ਬਲੱਕ ਰਹਿ ਮੈਂ ਮਗਨਾਰ।

ਤੂੰ ਲੀਤਾ ਰਸ ਸੁਆਦ ਸੁੰਦਰਤਾ
ਹਸ ਬੋਲੇ ਕੰਢੇ ਦੋ ਚਾਰ:-

ਕਾਹਲੇ ਕਈ ਏਸ ਥਾਂ ਆਏ
ਲੈਣੇ ਨੂੰ ਹਥ ਦੇਣ ਪਸਾਰ।

ਦੰਦ ਅਸਾਡੇ ਚੁਭਣ ਉਨ੍ਹਾਂ ਨੂੰ
ਛਿੜੇ ਪੀੜ ਪਰ ਰੋਵਨਹਾਰ।

ਸੁੰਦਰਤਾ ਦੇ ਰਸ ਮਾਣਨ ਹਿਤ
ਸਦਾ ਵਿੱਥ ਹੈ ਕੁਛ ਦਰਕਾਰ॥੭੯॥

(੨੧-੪-੧੯੨੭) ਖਾ:ਸ. ੨੩-੧੦-੧੯੮੦

# ਸੱਚੀ ਸੁਹਾਗਣ

ਗੁਰਬਾਣੀ ਨੇਂਹੁ ਲਗਾਈਏ;
ਪੜ, ਗਾ, ਸੁਣ ਕਾਰ ਕਮਾਈਏ।

ਫਿਰ ਪੀਂਘ ਚੜਾਈਏ ਨਾਮ ਦੀ,
'ਛੁਹ-ਨਾਮੀ' ਮਿਲੇ ਇਨਾਮ ਦੀ।

ਜਦ ਸਜਾਣ ਹੁਕਮ ਦੀ ਆਂਵਦੀ,
ਸ਼ਹੁ ਸਚੇ ਸਿਉਂ ਬਣ ਜਾਂਵਦੀ,

ਸਚ ਨਾਮ ਸੁਹਾਗਣ ਪਾਂਵਦੀ,
ਗੁਰਬਾਣੀ ਐਦਾਂ ਗਾਂਵਦੀ:-

"ਹੁਕਮੁ ਜਿਨਾ ਨੋ ਮਨਾਇਆ॥
ਤਿਨ ਅੰਤਰਿ ਸਬਦੁ ਵਸਾਇਆ॥*

ਸਹੀਆ ਸੇ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ਜੀਉ॥੮੦॥"

(ਚੰਡੀਗੜ੍ਹ ੨੧-੪-੧੯੫੫) ਖਾ:ਸ: ੮-੫-੧੯੮੦

---

* ਸਿਰੀ ਰਾਗ ਮ:1, ਪੰਨਾ-72।

# ਸਿਰੇ ਚੜ੍ਹੇ ਨੂੰ ਕਾਈ

ਬੁਤ-ਤਰਾਸ਼ ਬੁਤ ਘੜਿਆ ਇਕ
ਕਰ ਅਰਦਾਸ ਜਿੰਦ ਲੈ ਪਾਈ।

ਆਕੜ ਆਕੜ ਤੁਰੇ ਬੁੱਤ ਓ
ਪਰ ਬੁਤ-ਤਰਾਸ਼ ਵਿਸਰਾਈ।

ਜੋ ਕੁਛ ਤੂੰ ਹੁਣ ਹੈਵੇਂ ਸੁਹਣੇ!
ਤੂੰ ਆਪ ਨਹੀਂ ਸੈਂ ਬਣਿਆਂ

ਸਿਰੇ ਚੜੇ ਆਪੇ ਵਿਚ ਮੁੜਕੇ
ਤੂੰ ਕਿਉਂ ਇਹ ਕਾਈ ਲਾਈ?॥੯੧॥

(ਬੰਬਈ ੨੨-੨-੧੯੫੩)
ਖਾ:ਸ: ੨੨-੫-੧੯੮੦

# ਹਾਜ਼ਰ ਸਦਾ ਹਜ਼ੂਰ

ਲੁਕੇ ਨ ਡੁੱਬੇ ਸੂਰ ਨਿਤ ਚੜ੍ਹਿਆ ਨਿਤ ਚਮਕਦਾ,
ਬੱਦਲ ਧੁੰਦ ਕੁਹੀੜ ਧਰਤੀ ਉਤੋਂ ਉੱਠਕੇ

ਦੇਂਦੀਆਂ ਉਹਲਾ ਤਾਣ ਧਰਤੀ ਨੂੰ ਹੀ ਸੁਹਣਿਆਂ!
ਹਾਜ਼ਰ ਸਦਾ ਹਜ਼ੂਰ ਜੋ ਨੂਰਾਂ ਦਾ ਨੂਰ ਹੈ

ਪਰਦਾ ਕੁਈ ਨ ਤਾਣ ਉਹਲੇ ਹੈ ਉਹ ਹੋਂਵਦਾ
'ਖਜਾਲ-ਗੁਬਾਰ' ਖਲੇਰ ਲੈਨੈ ਅਪਣੇ ਆਪ ਤੂੰ

ਆਪੂੰ ਲੈਨੈ ਵਾਂਙ ਨੂਰੋਂ ਆਪਣੇ ਆਪ ਨੂੰ
ਕਰ ਲੈਨਾਂ ਹੈਂ ਦੂਰ ਹਾਜ਼ਰ ਸਦਾ ਹਜ਼ੂਰੀਓਂ॥੮੨॥

(ਕਸੌਲੀ ੫-੮-੧੯੫੫) ਖਾ:ਸ. ੧੫-੫-੧੯੮੦

# ਬੇਗੁਨਾਹੀ ਤੇ ਗੁਨਹਗਾਰੀ

ਫਾਰਸੀ ਦਾਨੇ ਕਿਸੇ ਹੈ ਗਲ ਆਖੀ ਸੁਆਦ ਦਾਰ,
ਨਾਲ ਉਸਦੇ ਸੁਣ ਸੁਣਾਵਾਂ ਹੋਰ ਗਲ ਇਕ ਨਮਕਦਾਰ।

"ਕਰਨੀ ਤੋਬਾ ਵਿਚ ਜਵਾਨੀ ਰੰਗ ਹੈ ਪੈਗੰਬਰੀ,
"ਬਾਘ* ਜ਼ਾਲਮ ਬੀ ਬੁਢਾਪੇ ਹੋ ਜਏ ਪਰਹੇਜ਼ਗਾਰ।"

ਮੌਜ ਕੁਦਰਤ ਦੀ ਸਖੀ! ਪਰ ਰੰਗ ਰੰਗੀ ਦੇਖੀਏ,
ਜੋ ਜੁਆਨੀ ਰਹੇ ਸਾਬਤ ਵਿਚ ਬੁਢਾਪੇ ਗੁਨਹਗਾਰ।

ਬੇਗੁਨਾਹੀ ਗੁਨਹਗਾਰੀ ਵੱਸ ਨਹੀਂ ਹਉਂ ਦੇ ਸਖੀ!
ਵੱਸ ਜਿਸਦੇ ਹੈ, ਸਖੀ! ਉਹ ਆਪ ਹੈਵੇ ਕਿਰਦਗਾਰ!

ਵੱਸ ਵਾਲੇ ਦੇ, ਸਖੀ! ਵਿਚ ਵੱਸ ਪਉ ਤੂੰ ਮਲਕੜੇ
ਤੇਰੀ ਅਸਮਤ ਦਾ ਉਹ ਆਪੇ ਜਾਇਗਾ ਬਣ ਜ਼ਿੰਮੇਵਾਰ।

ਸਭ ਕੁਛ ਹਵਾਲੇ ਓਸਦੇ ਕਰਕੇ ਤੂੰ ਚੰਚੜ ਓਸ ਨੂੰ
ਗਲ ਗਲੱਕੜੀ ਨਾ ਖੁਲ੍ਹੇ ਤੇ ਲੈ ਬਣਾ ਇਹ ਕਿਰਤ ਕਾਰ।

ਵਿਚ ਬੁਢਾਪੇ ਵਿਚ ਜਵਾਨੀ ਵਿੱਚ ਹਰ ਇਕ ਹਾਲ ਦੇ
ਰੱਖਸੀ ਉਹ ਰੱਖਸੀ ਹੋਵਨ ਨ ਦੇਸੀ ਸ਼ਰਮਸਾਰ॥੮੩॥

(ਸਫ਼ਰ ਵਿਚ- ੬-੧-੧੯੫੧) ਖਾ:ਸ: ੨੮-੧੧-੧੯੭੯

---

* ਬਾਘ = ਸ਼ੇਰ

## ਅੱਜ ਸਾਡਾ ਅੰਦਰ ਕੀ ਸੋਚੇ?

ਇਕ ਸਾਲ ਬਤੀਤ ਹੈ ਹੋਰ ਭਿਆ,
ਫਿਰ ਆਇ ਗਈ ਗੁਰੁ ਪੁੰਨਮ ਪਜਾਰੇ!

ਝਾਤੀ ਮਾਰ ਦਿਲ ਆਪਨਾ ਵੇਖੀਏ:
ਬਰਸ ਦਿਨਾ ਹਨ ਕੀਤੇ ਕੀ ਕਾਰੇ?

ਕਿੰਨੀਕੁ ਦੁਖੀਆਂ ਦੀ ਸੇਵਾ ਕਮਾਈ,
ਕਿੰਨੇ ਉਗਾਏ ਪਰੇਮ ਦੇ ਕਿਆਰੇ?

ਰੱਬ ਦੇ ਨੇੜੇ ਹਾਂ ਕਿੰਨੇਕੁ ਆਏ?
ਮਾਯਾ ਦੀ ਖਿੱਚੋਂ ਹਾਂ ਕਿੰਨੇ ਕੁ ਨਜਾਰੇ?॥੧॥

ਓਥੇ ਹੀ ਹਾਂ ਜਿਥੇ ਪਰੂੰ ਨੂੰ ਸੀਗੇ,
ਅੱਗੇ ਨੂੰ ਹੈ ਕੁਝ ਪੈਰ ਉਠਾਯਾ?

ਵਾਧੇ ਦਾ ਸਾਲ ਏ ਸਾਲ ਸੁਭਾਗਾ,
ਘਾਟਾ ਹੀ ਘਾਟਾ ਚੁਫੇਰਿਓਂ ਪਾਯਾ?

ਮਾਯਾ ਨੇ ਹੇਠਾਂ ਹੀ ਹੇਠਾਂ ਬਹਾਯਾ,
ਕਿ ਹਿੰਮਤ ਨੇ ਉਪਰ ਤੋਂ ਉਪੱਰ ਓਠਾਯਾ?

ਪਸੂਆਂ ਜਿਵੇਂ ਖੇਡ, ਖਾਧੇ ਤੇ ਸੁੱਤੇ,
ਕਿ ਹੈ ਦੇਵਤਾ ਏ ਮਨੁਖੋਂ ਬਨਾਯਾ?॥੨॥

ਹਿੰਮਤ ਜੇ ਕਰਦੀ ਰਹੀ ਹੈ ਅਗੇਰੇ,
ਵਧਾਈ ਵਧਾਈ ਹੈ ਤਾਂ ਅਜ ਵਧਾਈ!

ਉਲਟੀ ਜੇ ਹੁੰਦੀ ਰਹੀ ਹੈ ਕਮਾਈ,
ਤਾਂ ਵੈਰਾਗ ਕਰ ਅੱਜ ਕਰਲੌ ਸਫਾਈ।

ਅੱਗੇ ਲਈ ਨੇਮ ਧਾਰੋ ਕਿ ਕਰੀਏ,
ਕਾਰਜ ਜਿਨ੍ਹਾਂ ਤੋਂ ਹੋ ਪ੍ਰਭੂ ਦੀ ਵਡਾਈ।

ਮਾਣੋਂ ਖੁਸ਼ੀ ਨੂੰ ਪ੍ਰਭੂ ਖ਼ੌਫ਼ ਅੰਦਰ,
ਸਨਮੁਖ ਰਹਨ ਵਿਚ ਹੈ ਸੱਚੀ ਵਧਾਈ॥੩॥੯੪॥

# ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਸਾਹਿਬ ਡਾ. ਵੀਰ ਸਿੰਘ ਜੀ ਦਾ ਜਨਮ 5 ਦਸੰਬਰ, 1872 ਨੂੰ ਅੰਮ੍ਰਿਤਸਰ ਦੇ ਇਕ ਅਤਿਅੰਤ ਧਾਰਮਿਕ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਡਾਕਟਰ ਚਰਨ ਸਿੰਘ ਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਕਵੀ ਅਤੇ ਵਿਦਵਾਨ ਸਨ। ਦੋਹਾਂ ਦਾ ਹੀ ਬ੍ਰਿਜ ਭਾਸ਼ਾ ਉਪਰ ਚੰਗਾ ਅਧਿਕਾਰ ਸੀ, ਸਿਖ ਇਤਿਹਾਸ ਅਤੇ ਧਾਰਮਿਕ ਗ੍ਰੰਥਾਂ ਦੀ ਉਨ੍ਹਾਂ ਨੂੰ ਚੰਗੀ ਪਕੜ ਸੀ। ਦੋਹਾਂ ਪਰਿਵਾਰਾਂ ਦੀ ਰਹਿਣੀ ਬਹਿਣੀ ਵੀ ਸਿਖੀ ਮਰਯਾਦਾ ਅਨੁਸਾਰ ਢਲੀ ਹੋਈ ਸੀ। ਭਾਈ ਸਾਹਿਬ ਵੀਰ ਸਿੰਘ ਨੂੰ ਕਾਵਿ-ਰਚਨਾ, ਵਿਦਵਤਾ, ਧਾਰਮਿਕਤਾ ਅਤੇ ਮਰਯਾਦਿਤ ਰਹਿਣੀ ਬਹਿਣੀ ਦੀ ਜਾਗ ਆਪਣੇ ਪਰਿਵਾਰ ਪਾਸੋਂ ਹੀ ਪ੍ਰਾਪਤ ਸੀ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਮੁੱਢਲੀ ਸਿਖਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਪਾਸੋਂ ਪ੍ਰਾਪਤ ਕੀਤੀ। ਗਿਆਨੀ ਜੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ। ਅੰਗਰੇਜ਼ ਵਿਦਵਾਨ ਮਕਾਲਿਫ਼ ਨੇ ਆਪਣੀ ਪ੍ਰਸਿੱਧ ਪੁਸਤਕ 'ਦੀ ਸਿਖ ਰਿਲੀਜੀਨ' ਲਿਖਣ ਵਾਸਤੇ ਜਿਨ੍ਹਾਂ ਚੋਣਵੇਂ ਵਿਦਵਾਨਾਂ ਪਾਸੋਂ ਸਹਾਇਤਾ ਲਈ, ਗਿਆਨੀ ਜੀ ਉਨ੍ਹਾਂ ਵਿਚੋਂ ਇਕ ਸਨ। ਆਪਣੇ ਦੇਸ਼ ਦੀ ਵਿਦਿਆ ਅਤੇ ਧਰਮ ਵਿਚ ਭਲੀ ਪ੍ਰਕਾਰ ਦੀਖਿਅਤ ਹੋਣ ਬਾਅਦ ਉਹ ਆਧੁਨਿਕ ਢੰਗ ਦੀ ਵਿਦਿਆ ਪ੍ਰਾਪਤ ਕਰਨ ਲਈ ਚਰਚ ਮਿਸ਼ਨ ਹਾਈ ਸਕੂਲ, ਅੰਮ੍ਰਿਤਸਰ ਵਿਚ ਦਾਖ਼ਲ ਹੋਏ ਅਤੇ ਏਥੋਂ ਹੀ ਮੈਟ੍ਰਿਕੁਲੇਸ਼ਨ ਇਮਤਿਹਾਨ ਪਾਸ ਕੀਤਾ। ਮਿਸ਼ਨ ਸਕੂਲ ਵਿਚ ਬਾਈਬਲ ਦੀ ਸਿਖਿਆ ਲਾਜ਼ਮੀ ਹੁੰਦੀ ਸੀ। ਇਸ ਪ੍ਰਕਾਰ ਭਾਈ ਸਾਹਿਬ ਨੂੰ ਬਚਪਨ ਤੋਂ ਹੀ ਆਪਣੇ ਧਰਮ ਦਾ ਤੁਲਨਾਤਮਕ ਅਧਿਅਨ ਕਰਨ ਦਾ ਮੌਕਾ ਮਿਲਿਆ।

ਵਿਦਿਆ ਪ੍ਰਾਪਤੀ ਬਾਅਦ ਭਾਈ ਸਾਹਿਬ ਨੂੰ ਨਾਇਬ ਤਹਿਸੀਲਦਾਰ ਦੀ ਨੌਕਰੀ ਪੇਸ਼ ਹੋਈ, ਪਰ ਉਨ੍ਹਾਂ ਆਪਣਾ ਸੁਤੰਤਰ ਕੰਮ ਸ਼ੁਰੂ ਕਰਨਾ ਹੀ ਯੋਗ ਸਮਝਿਆ। ਸਰਦਾਰ ਵਜ਼ੀਰ ਸਿੰਘ ਨਾਲ ਭਿਆਲੀ ਪਾ ਕੇ ਉਨ੍ਹਾਂ ਵਜ਼ੀਰ ਹਿੰਦ ਪ੍ਰੈਸ ਨਾਮ ਦਾ ਛਾਪਾਖ਼ਾਨਾ ਸ਼ੁਰੂ ਕੀਤਾ, ਭਾਈ

ਸਾਹਿਬ ਲਈ ਜੀਵਕਾ ਕਮਾਉਣ ਦਾ ਸਾਧਨ ਵੀ ਸੀ, ਪਰ ਨਿਰੋਲ ਜੀਵਕਾ ਇਸ ਛਾਪੇਖਾਨੇ ਦਾ ਉਦੇਸ਼ ਨਹੀਂ ਸੀ। ਉਹ ਜ਼ਮਾਨਾ ਸਿਖ ਧਰਮ ਲਈ ਖ਼ਾਸਾ ਕਠਿਨ ਸੀ ਤੇ ਉਸ ਦੀ ਨਿਖੜਵੀਂ ਨੁਹਾਰ ਹੀ ਖ਼ਤਰੇ ਵਿਚ ਜਾਪਦੀ ਸੀ। ਇਹ ਖ਼ਤਰਾ ਸਤਾਰ੍ਹਵੀਂ ਸਦੀ ਦੇ ਖ਼ਤਰੇ ਤੋਂ ਵਖਰੀ ਕਿਸਮ ਦਾ ਸੀ। ਪਹਿਲੇ ਸਮਿਆਂ ਵਿਚ ਖ਼ਤਰਾ ਰਾਜ ਵਲੋਂ ਸੀ ਤੇ ਰਾਜਿਆਂ ਲਈ ਤਾਕਤ ਦੀ ਵਰਤੋਂ ਹੀ ਉਤਮ ਹਥਿਆਰ ਸੀ। ਹੁਣ ਧਰਮ ਦੇ ਪ੍ਰਚਾਰ ਲਈ ਨਵੀਆਂ ਧਾਰਮਿਕ ਲਹਿਰਾਂ ਚਲ ਪਈਆਂ ਸਨ। ਕਾਦਯਾਨੀ ਲਹਿਰ, ਮਿਸ਼ਨਰੀਆਂ ਦਾ ਪ੍ਰਚਾਰ ਕਾਰਜ, ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ ਇਸੇ ਵੇਲੇ ਦੀ ਉਪਜ ਸਨ। ਇਕ ਨਵੇਂ ਧਰਮ ਨੇ ਆਪਣਾ ਪ੍ਰਚਾਰ ਕਾਰਜ ਆਰੰਭ ਦਿਤਾ ਸੀ ਤੇ ਪਹਿਲਾਂ ਤੋਂ ਹੀ ਸਥਾਪਿਤ ਧਰਮ ਇਕ ਪਾਸੇ ਆਪਣੀ ਸੁਰਖਿਆ ਲਈ ਜਤਨ ਕਰ ਰਹੇ ਸਨ ਤੇ ਦੂਜੇ ਪਾਸੇ ਇਸ ਨੂੰ ਫੈਲਾਉਣਾ ਵੀ ਚਾਹੁੰਦੇ ਸਨ। ਆਪਣੇ ਧਰਮ ਨੂੰ ਸਰਬੋਤਮ ਸਿੱਧ ਕਰਨ ਲਈ ਦੂਜੇ ਧਰਮਾਂ ਉਪਰ ਹਮਲੇ ਹੋ ਰਹੇ ਸਨ। ਕੌੜੀ ਤੇ ਖਰਵੀਂ ਬੋਲੀ ਦੀ ਵਰਤੋਂ ਪ੍ਰਚਾਰਕਾਂ ਦਾ ਮੁਖ ਹਥਿਆਰ ਸੀ। ਭਾਈ ਸਾਹਿਬ ਨੇ ਆਪਣੀ ਨਿਵੇਕਲੀ ਸਮਰੱਥਾ ਅਤੇ ਸ਼ੈਲੀ ਅਨੁਸਾਰ ਸਿਖ ਧਰਮ ਦੀ ਸੇਵਾ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾ ਲਿਆ। ਭਾਈ ਸਾਹਿਬ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਕੌੜੀ ਬੋਲੀ ਦੀ ਵਰਤੋਂ ਨੂੰ ਆਪਣੀ ਲਿਖਤ ਜਾਂ ਤਰਜ਼ੇ-ਜ਼ਿੰਦਗੀ ਦਾ ਅੰਗ ਨਾ ਬਣਨ ਦਿਤਾ। ਲੈਕਚਰ ਕਰਨ ਦੀ ਥਾਂ ਉਹ ਧਰਮ ਦੇ ਗੰਭੀਰ ਅਧਿਅਨ ਵਲ ਰੁਚਿਤ ਹੋਏ। ਆਪਣੇ ਧਰਮ ਅਤੇ ਇਤਿਹਾਸ ਦੇ ਵਿਲੱਖਣ ਗੁਣਾਂ ਨੂੰ ਨਿਖੇੜਿਆ ਅਤੇ ਸੰਤੁਲਿਤ ਬੋਲੀ ਵਿਚ ਪ੍ਰਗਟਾਇਆ। ਧਰਮ ਤੋਂ ਛੁਟ ਹੋਰ ਕਿਸੇ ਵਿਸ਼ੇ ਉਪਰ ਭਾਈ ਸਾਹਿਬ ਨੇ ਕਦੀ ਕੁਝ ਨਾ ਲਿਖਿਆ। ਇਕਾਗਰਤਾ ਵਿਚ ਉਹ ਪੁਰਾਣੇ ਰਿਸ਼ੀਆਂ, ਮੁਨੀਆਂ, ਭਗਤਾਂ ਤੇ ਗੁਰੂਆਂ ਦੀ ਪੈੜ ਉਪਰ ਚਲਦੇ ਪ੍ਰਤੀਤ ਹੁੰਦੇ ਹਨ। ਜਿਵੇਂ ਸੰਤ ਮਹਾਤਮਾ ਜੀਵਨ ਭਰ ਇਕ ਮਨ ਇਕ ਚਿਤ ਹੋ ਕੇ ਕੇਵਲ ਅਧਿਆਤਮ-ਸਾਧਨਾ ਕਰਦੇ ਹਨ ਅਤੇ ਸਿਵਾਏ ਅਧਿਆਤਮ-ਚਿੰਤਨ ਦੇ ਜ਼ਿੰਦਗੀ ਦੇ ਹੋਰ ਵੇਰਵੇ ਵਿਚ ਦਿਲਚਸਪੀ ਨਹੀਂ ਲੈਂਦੇ, ਇਸੇ ਤਰ੍ਹਾਂ ਭਾਈ ਸਾਹਿਬ ਨੇ ਸਿਖ ਧਰਮ, ਸਿਖ ਇਤਿਹਾਸ ਅਤੇ

ਸਿਖ ਜੀਵਨ-ਜਾਚ ਤੋਂ ਬਿਨਾਂ ਜ਼ਿੰਦਗੀ ਦੇ ਹੋਰ ਪੱਖਾਂ ਵਲ ਧਿਆਨ ਨਾ ਦਿਤਾ। ਉਨ੍ਹਾਂ ਦਾ ਬਲ ਸਿਰਜਣਾ ਉਪਰ ਹੈ, ਸੰਘਾਰ ਉਪਰ ਨਹੀਂ। ਕਿਸੇ ਵੀ ਧਰਮ ਨੂੰ ਛੁਟਿਆਉਣ ਦਾ ਜਤਨ ਭਾਈ ਸਾਹਿਬ ਦੀ ਰਚਨਾ ਵਿਚ ਢੂੰਡਣਾ ਬਿਰਥਾ ਹੈ। ਸਿਖ ਧਰਮ-ਪਰੰਪਰਾ ਦੀ ਉਚਤਮ ਪ੍ਰਾਪਤੀ ਨੂੰ ਵਖਰਿਉਣਾ ਅਤੇ ਸਹਿਜ ਰੂਪ ਵਿਚ ਉਸ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ, ਭਾਈ ਸਾਹਿਬ ਦੀ ਸਾਹਿਤ-ਦ੍ਰਿਸ਼ਟੀ ਅਤੇ ਜੀਵਨ-ਦ੍ਰਿਸ਼ਟੀ ਦੋਹਾਂ ਦੀ ਦਿਸ਼ਾ ਇਹੋ ਹੈ। ਇਸ ਤੋਂ ਛੁਟ ਕਿਸੇ ਹੋਰ ਦਿਸ਼ਾ ਵਲ ਸਫ਼ਰ ਕਰਨਾ ਮੁਨਾਸਿਬ ਨਾ ਸਮਝਿਆ। ਭਾਈ ਸਾਹਿਬ ਦੀ ਰਚਨਾ ਇਕ ਵਿਸ਼ਾਲ ਸਾਗਰ ਹੈ ਜਿਸ ਵਿਚ ਜਿਥੋਂ ਵੀ ਚੁਲੀ ਭਰੀ ਜਾਵੇ ਇਕ ਰੰਗ ਨਿਰਮਲ ਜਲ ਹੀ ਹੱਥ ਆਵੇਗਾ। ਇਸ ਪ੍ਰਕਾਰ ਦੇ ਸਾਹਿਤ ਦੀ ਰਚਨਾ ਉਹੋ ਸਾਹਿਤਕਾਰ ਕਰ ਸਕਦਾ ਹੈ ਜਿਸ ਨੇ ਆਪਣਾ ਮਨ ਵੰਨਸੁਵੰਨੀ ਆਕਾਂਖਿਆ ਤੇ ਸਫ਼ਲਤਾ ਵਲੋਂ ਹਟਾ ਲਿਆ ਹੋਵੇ।

ਭਾਈ ਸਾਹਿਬ ਨੇ ਆਪਣੀ ਸਹਿਤਕਾਰੀ ਦਾ ਆਰੰਭ 1893 ਵਿਚ 'ਨਿਰਗੁਣਿਆਰਾ' ਨਾਮ ਦੇ ਮਾਸਿਕ ਮਾਸਿਕ ਪੱਤਰ ਨਾਲ ਕੀਤੀ। ਅਗਲੇ ਹੀ ਸਾਲ ਉਨ੍ਹਾਂ 'ਖ਼ਾਲਸਾ ਟਰੈਕਟ ਸੋਸਾਇਟੀ' ਨਾਮ ਦੀ ਸੰਸਥਾ ਸਥਾਪਿਤ ਕੀਤੀ ਅਤੇ ਨਿਰਗੁਣਿਆਰਾ ਉਸੇ ਦੇ ਪ੍ਰਬੰਧ ਹੇਠ ਆ ਗਿਆ। ਖ਼ਾਲਸਾ ਟਰੈਕਟ ਸੋਸਾਇਟੀ ਨੇ ਹਰ ਮਹੀਨੇ ਸਿਖ ਧਰਮ, ਇਤਿਹਾਸ ਅਤੇ ਸਮਾਜ ਸੁਧਾਰ ਨਾਲ ਸੰਬੰਧਿਤ ਟਰੈਕਟ ਛਾਪੇ। ਇਨ੍ਹਾਂ ਦੀ ਗਿਣਤੀ 1300 ਦੇ ਲਗਪਗ ਹੈ। ਪਰ ਭਾਈ ਸਾਹਿਬ ਇਸ ਕੰਮ ਨਾਲ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਾ ਹੋਏ। ਹੌਲੇ ਹੌਲੇ ਉਨ੍ਹਾਂ ਦੀ ਕਲਮ ਰਸਦੀ ਗਈ। ਉਨ੍ਹਾਂ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਆਦਿਕ ਨਾਵਲ ਲਿਖੇ। ਸਿਖ ਇਤਿਹਾਸ ਨਾਲ ਸੰਬੰਧਿਤ ਨਾਵਲਾਂ ਨੂੰ ਅਦੁਤੀ ਸਫ਼ਲਤਾ ਮਿਲੀ। ਪੰਜਾਬੀ ਪਾਠਕਾਂ ਲਈ ਨਾਵਲ ਅਸਲੋਂ ਨਵੀਂ ਤਰ੍ਹਾਂ ਦਾ ਸਾਹਿਤ-ਰੂਪ ਸਨ। ਇਹ ਸਿਖ ਇਤਿਹਾਸ ਦਾ ਅਜੇਹਾ ਕਲਪਨਾਤਮਕ ਚਿਤਰ ਪੇਸ਼ ਕਰਦੇ ਸਨ ਕਿ ਮਨ ਖਾਹਮਖਾਹ ਮੋਹਿਆ ਜਾਂਦਾ ਸੀ। ਇਨ੍ਹਾਂ ਨਾਵਲਾਂ ਨੇ ਪੰਜਾਬੀ ਬੋਲੀ ਲਈ ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਪਾਠਕ ਪੈਦਾ ਕੀਤੇ। ਇਹ ਆਪਣੇ ਆਪ ਵਿਚ ਬੜੀ ਮਹੱਤਵ

ਭਰਪੂਰ ਪ੍ਰਾਪਤੀ ਸੀ। ਇਨ੍ਹਾਂ ਨਾਵਲਾਂ ਨੇ ਭਾਈ ਸਾਹਿਬ ਨੂੰ ਖ਼ਾਲਸਾ ਸਮਾਚਾਰ ਨਾਮ ਦਾ ਸਪਤਾਹਿਕ ਅਖ਼ਬਾਰ ਸ਼ੁਰੂ ਕਰਨ ਲਈ ਪਰੇਰਨਾ ਦਿਤੀ। ਕਲਮ ਰਸ ਚੁੱਕੀ ਸੀ, ਸਿਖ ਧਰਮ ਅਤੇ ਇਤਿਹਾਸ ਸੰਬੰਧੀ ਉਨ੍ਹਾਂ ਦਾ ਅਧਿਅਨ ਗਹਿਰਾ ਹੋ ਚੁੱਕਾ ਸੀ ਤੇ ਪਾਠਕਾਂ ਦੀ ਬਹੁਤ ਵੱਡੀ ਗਿਣਤੀ ਉਨ੍ਹਾਂ ਦੇ ਕਲਮ ਦੇ ਜਾਦੂ ਦੇ ਅਸਰ ਨੂੰ ਕਬੂਲ ਚੁੱਕੀ ਸੀ। ਖ਼ਾਲਸਾ ਸਮਾਚਾਰ 1899 ਤੋਂ ਲੈ ਕੇ ਅਜ ਦਿਨ ਤਕ ਬਾਕਾਇਦਗੀ ਨਾਲ ਛਪ ਰਿਹਾ ਹੈ। ਇਸੇ ਗੱਲ ਤੋਂ ਭਾਈ ਸਾਹਿਬ ਦੀ ਅਡੋਲ ਸਾਹਿਤ-ਸਾਧਨਾ ਦਾ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਪੱਤਰ ਵਿਚ ਛਪੀਆਂ ਬਹੁਤ ਸਾਰੀਆਂ ਰਚਨਾਵਾਂ ਹੀ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ ਅਤੇ ਅਸ਼ਟਗੁਰ ਚਮਤਕਾਰ ਵਿਚ ਸ਼ਾਮਲ ਹਨ।

ਭਾਈ ਸਾਹਿਬ ਜੀ ਦੀ ਸਾਹਿਤ-ਸਾਧਨਾ ਇਕਾਗਰ ਵੀ ਹੈ ਤੇ ਵੰਨਸੁਵੰਨ ਵੀ। ਉਨ੍ਹਾਂ ਨੇ ਕਵਿਤਾ ਅਤੇ ਵਾਰਤਕ ਦੇ ਲਗਪਗ ਹਰ ਰੂਪ ਦੀ ਸਿਰਜਣਾ ਕੀਤੀ। ਇਹ ਫ਼ੈਸਲਾ ਕਰਨਾ ਮੁਸ਼ਕਿਲ ਹੋਵੇਗਾ ਕਿ ਪੰਜਾਬੀ ਕਵਿਤਾ ਅਤੇ ਵਾਰਤਕ ਵਿਚੋਂ ਕਿਸ ਉਪਰ ਉਨ੍ਹਾਂ ਦੇ ਉਪਕਾਰ ਵਧੇਰੇ ਹਨ। ਪੰਜਾਬੀ ਵਾਰਤਕ ਦੇ ਆਧੁਨਿਕ ਮੁਹਾਂਦਰੇ ਨੂੰ ਨਿਖ਼ਾਰਨ ਵਿਚ ਉਨ੍ਹਾਂ ਦਾ ਯੋਗਦਾਨ ਸਭ ਤੋਂ ਵਧੀਕ ਹੈ। ਪੰਜਾਬੀ ਨਿਬੰਧ, ਨਾਵਲ, ਨਾਟਕ ਦੇ ਜਨਮਦਾਤਾ ਤਾਂ ਨਿਸਚੇ ਹੀ ਉਨ੍ਹਾਂ ਨੂੰ ਕਿਹਾ ਜਾ ਸਕਦਾ ਹੈ। ਸੰਪਾਦਨ ਕਲਾ ਵਿਚ ਵੀ ਭਾਈ ਸਾਹਿਬ ਬੜੇ ਪ੍ਰਬੀਣ ਸਨ। ਏਥੇ ਇਸ਼ਾਰਾ ਕੇਵਲ 'ਨਿਰਗੁਣਿਆਰਾ' ਜਾਂ 'ਖ਼ਾਲਸਾ ਸਮਾਚਾਰ' ਦੇ ਸੰਪਾਦਨ ਵਲ ਨਹੀਂ। ਆਪ ਲਗਨ ਵਾਲੇ ਖੋਜੀ ਅਤੇ ਡੂੰਘੀ ਵਿਦਵਤਾ ਵਾਲੇ ਸੋਧਕ, ਆਲੋਚਕ ਤੇ ਟੀਕਾਕਾਰ ਸਨ। ਪੁਰਾਤਨ ਜਨਮ ਸਾਖੀ ਅਤੇ ਕਬਿਤ ਸਵੈਯੇ ਭਾਈ ਗੁਰਦਾਸ ਦੇ ਸੰਪਾਦਨ, ਉਨ੍ਹਾਂ ਦੀ ਸੰਤੁਲਿਤ ਖੋਜ ਬਿਰਤੀ ਅਤੇ ਸੰਪਾਦਨ-ਯੋਗਤਾ ਦੇ ਗਵਾਹ ਹਨ। ਇਹ ਦੋਵੇਂ ਪੁਸਤਕਾਂ ਹਥਲਿਖਿਤ ਰਚਨਾਵਾਂ ਦੇ ਇਕਾਗਰ ਅਧਿਅਨ ਦਾ ਸਿੱਟਾ ਹਨ। ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਦੇ ਸੰਪਾਦਨ ਵੀ ਡੂੰਘੀ ਲਗਨ ਅਤੇ ਵਿਦਵਤਾ ਦੇ ਲਖਾਇਕ ਹਨ। ਗੁਰਪ੍ਰਾਤਪ ਸੂਰਜ ਗ੍ਰੰਥ ਵੱਡੇ

ਆਕਾਰ ਵਾਲੀ ਰਚਨਾ ਹੈ। ਭਾਈ ਸਾਹਿਬ ਨੇ ਇਸ ਦੀਆਂ ਪ੍ਰਾਪਤ ਪ੍ਰਤੀਆਂ (ਕਾਪੀਆਂ) ਦੇ ਆਧਾਰ ਤੇ ਇਸ ਦੇ ਪਾਠ ਦੀ ਯੋਗ ਸੁਧਾਈ ਕੀਤੀ। ਬ੍ਰਿਜਭਾਸ਼ਾ ਦੀ ਰਚਨਾ ਹੋਣ ਕਾਰਨ ਇਹ ਪੰਜਾਬੀ ਪਾਠਕਾਂ ਲਈ ਦੁਰਬੋਧ ਹੁੰਦੀ ਜਾ ਰਹੀ ਸੀ। ਭਾਈ ਸਾਹਿਬ ਨੇ ਇਸ ਉਪਰ ਅਧਿਕਾਰੀ ਵਿਦਵਾਨ ਵਾਂਗ ਟਿਪਣੀਆਂ ਲਿਖੀਆਂ ਅਤੇ ਉਸ ਨੂੰ ਆਮ ਪੰਜਾਬੀ ਪਾਠਕ ਲਈ ਸੁਬੋਧ ਬਣਾਇਆ। ਇਸ ਦੇ ਮੁਢ ਵਿਚ ਲਿਖੀ ਲੰਮੀ ਭੂਮਿਕਾ ਉਚੇ ਪੱਧਰ ਦੀ ਆਲੋਚਨਾਤਮਕ ਪ੍ਰਤਿਭਾ ਦੀ ਹਾਮੀ ਭਰਦੀ ਹੈ। ਭਾਈ ਸਾਹਿਬ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਪਾਠ ਸੋਧ ਕੇ ਉਸ ਉਪਰ ਵੀ ਥਾਂ ਪਰ ਥਾਂ ਉਚਿਤ ਟਿਪਣੀਆਂ ਲਿਖੀਆਂ ਹਨ। ਸਾਧਾਰਣ ਅਤੇ ਰਲਗਡ ਬੋਲੀ ਕਾਰਨ ਇਹ ਰਚਨਾ ਵਿਸ਼ੇਸ਼ ਧਿਆਨ ਦੀ ਅਧਿਕਾਰੀ ਨਹੀਂ ਸੀ ਬਣ ਸਕੀ। ਪਰ ਇਸ ਦੀ ਇਤਿਹਾਸ-ਵਸਤੂ ਬੜੀ ਮਹੱਤਵਸ਼ਾਲੀ ਅਤੇ ਇਤਿਹਾਸ-ਦ੍ਰਿਸ਼ਟੀ ਬੜੀ ਨਿਰਮੈਲ ਹੈ। ਭਾਈ ਸਾਹਿਬ ਨੇ ਇਸ ਦੀ ਉਤਮਤਾ ਨੂੰ ਪਛਾਣਿਆ। ਅਣਘੜੇ ਹੀਰੇ ਵਰਗੀ ਚਮਕ ਹੈ ਏਸ ਰਚਨਾ ਦੀ। ਭਾਈ ਸਾਹਿਬ ਦੇ ਯੋਗ ਸੰਪਾਦਨ ਸਦਕਾ ਇਹ ਰਚਨਾ ਅਸਲੋਂ ਗੁੰਮ-ਗੁਆਚਣ ਤੋਂ ਬਚ ਗਈ। ਅਜ ਇਹ ਸਿਖ ਇਤਿਹਾਸ ਦੇ ਕਿਸੇ ਵੀ ਵਿਦਿਆਰਥੀ ਲਈ ਬੜਾ ਵਡਮੁੱਲਾ ਖ਼ਜ਼ਾਨਾ ਹੈ। ਭਾਈ ਵੀਰ ਸਿੰਘ ਵਿਦਵਤਾ ਦੇ ਕਾਰਜ ਵਿਚ ਆਪਣੀ ਉਮਰ ਦੇ ਅੰਤਿਮ ਸਮੇਂ ਤਕ ਜੁਟੇ ਰਹੇ। ਆਦਿ ਗ੍ਰੰਥ ਦਾ ਵੱਡੇ ਆਕਾਰ ਵਾਲਾ ਟੀਕਾ-ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ- ਉਨ੍ਹਾਂ ਦੀ ਅਧੂਰੀ ਪਰ ਵੱਡੇ ਮਹਤੱਵ ਵਾਲੀ ਕਿਰਤ ਹੈ। ਉਹ ਆਦਿ ਗ੍ਰੰਥ ਦਾ 607 ਪੰਨਿਆਂ ਤਕ ਹੀ ਆਪਣਾ ਕੰਮ ਮੁਕਾ ਸਕੇ। ਪਰ ਏਨੇ ਕੰਮ ਲਈ ਵੀ ਇਕ ਮੁਕੰਮਲ ਜ਼ਿੰਦਗੀ ਦੀ ਮਿਹਨਤ ਹੈ। ਇਹ ਰਚਨਾ ਸਤ ਜਿਲਦਾਂ ਵਿਚ 3076 ਪੰਨਿਆਂ ਤੇ ਫੈਲੀ ਹੋਈ ਹੈ। ਭਾਈ ਸਾਹਿਬ ਨੇ ਗੁਰੂ ਗ੍ਰੰਥ ਨਾਲ ਸੰਬੰਧਿਤ ਲਿਖਿਤ ਅਤੇ ਮੌਖਿਕ ਸਭਨਾਂ ਟੀਕਾ ਪਰਣਾਲੀਆਂ ਦਾ ਅਧਿਅਨ ਕੀਤਾ ਅਤੇ ਫੇਰ ਇਕ ਸੁਚੱਜੇ ਪਾਰਖੂ ਵਾਂਗ ਸਭਨਾਂ ਦੇ ਗ੍ਰਹਿਣਯੋਗ ਤੱਤ ਗ੍ਰਹਿਣ ਕੀਤੇ ਅਤੇ ਇਕ ਨਿਸ਼ਚੇਕਾਰੀ ਸੰਥਿਆ ਤਿਆਰ ਕੀਤੀ। ਗੁਰੂ ਗ੍ਰੰਥ ਦਾ ਕੋਈ ਵੀ ਖੋਜੀ ਵਿਦਿਆਰਥੀ ਇਸ ਰਚਨਾ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ। ਇਸ ਰਚਨਾ ਦਾ

ਪੇਤਲਾ (ਸਾਧਾਰਨ) ਜਿਹਾ ਅਧਿਅਨ ਕਰਨ ਵਾਲੇ ਵਿਦਿਆਰਥੀ ਨੂੰ ਵੀ 'ਗਿਆਨ ਖੰਡ ਮਹਿ ਗਿਆਨ ਪ੍ਰਚੰਡ' ਦੀ ਵਾਸਤਵਿਕਤਾ ਦਾ ਅਨੁਭਵ ਹੋ ਜਾਂਦਾ ਹੈ।

ਇਤਨੇਂ ਗਿਆਨਵਾਨ ਹੋਣ ਦੇ ਬਾਵਜੂਦ ਭਾਈ ਸਾਹਿਬ ਇਹ ਲੋਕ ਤੇ ਪਰਲੋਕ ਨਾਲ ਪ੍ਰੇਮ ਦਾ ਰਿਸ਼ਤਾ ਜੋੜਣਾ ਹੀ ਪਸੰਦ ਕਰਦੇ ਸਨ। ਇਸੇ ਲਈ ਉਹ ਬਾਰ ਬਾਰ ਕਵਿਤਾ ਵਲ ਰਜੂਅ ਕਰਦੇ ਹਨ। ਗਿਆਨ ਦੇ ਮੁਕਾਬਲੇ ਤੇ ਪ੍ਰੇਮ ਦੀ ਮਹਿਮਾ ਉਨ੍ਹਾਂ ਇਸ ਪ੍ਰਕਾਰ ਕੀਤੀ ਹੈ-

### ਵਲਵਲਾ

ਜਿਨ੍ਹਾਂ ਉਚਿਆਈਆਂ ਉਤੋਂ
ਬੁੱਧੀ ਖੰਭ ਸਾੜ ਢੱਠੀ
ਮੱਲੋ ਮੱਲੀ ਉਥੇ ਦਿਲ
ਮਾਰਦਾ ਉਡਾਰੀਆਂ

ਪਿਆਲੇ ਅਣਡਿੱਠੇ ਨਾਲ
ਬੁੱਲ੍ਹ ਲਗ ਜਾਣ ਉਥੇ
ਰਸ ਤੇ ਸਰੂਰ ਚੜ੍ਹੇ
ਝੂਮਾ ਆਉਣ ਪਿਆਰੀਆਂ

ਗਿਆਨੀ ਸਾਨੂੰ ਹੋੜਦਾ ਤੇ
"ਵਹਿਮੀ ਢੋਲਾ" ਆਖਦਾ ਏ
"ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੋਂ ਪਾਰ ਤਾਰੀਆਂ"

ਬੈਠ ਵੇ ਗਿਆਨੀ
ਬੁੱਧੀ ਮੰਡਲ ਦੀ ਕੈਦ ਵਿਚ
ਵਲਵਲੇ ਦੇ ਦੇਸ ਸਾਡੀਆਂ
ਲਗ ਗਈਆਂ ਯਾਰੀਆਂ
(ਪੁਸਤਕ, ਲਹਿਰ ਹੁਲਾਰੇ 'ਚੋਂ)

ਉਂਞ ਤਾਂ ਭਾਈ ਸਾਹਿਬ ਜੀਵਨ ਭਰ ਕਾਵਿ-ਰਚਨਾ ਨਾਲ ਸੰਬੰਧਿਤ ਰਹੇ, ਪਰ 1900-1933 ਤਕ ਦਾ ਸਮਾਂ ਤਾਂ ਉਨ੍ਹਾਂ ਲਈ ਨਿਰੰਤਰ ਕਾਵਿ ਸਾਧਨਾ ਦਾ ਸਮਾਂ ਸੀ। ਨਿਨਾਣ-ਭਰਜਾਈ, ਰਾਣਾ ਸੂਰਤ ਸਿੰਘ, ਮਟਕ ਹੁਲਾਰੇ, ਲਹਿਰ ਹੁਲਾਰੇ, ਬਿਜਲੀਆਂ ਦੇ ਹਾਰ, ਲਹਿਰਾਂ ਦੇ ਹਾਰ, ਪ੍ਰੀਤ ਵੀਣਾ, ਸਾਹਿਤਕ ਕਲੀਆਂ, ਸਿਕਾਂ ਸਧਰਾਂ, ਆਵਾਜ਼ ਆਈ, ਅਰਸ਼ੀ ਛੂਹ ਆਦਿ ਇਸੇ ਸਮੇਂ ਦੀਆਂ ਰਚਨਾਵਾਂ ਹਨ। ਕਵੀ ਭਾਈ ਵੀਰ ਸਿੰਘ ਦੀ ਕੀਰਤੀ ਦਾ ਆਧਾਰ ਇਹੋ ਕਾਵਿ-ਰਚਨਾਵਾਂ ਹਨ। ਭਾਈ ਵੀਰ ਸਿੰਘ ਦੀ ਕਾਵਿ-ਪ੍ਰਤਿਭਾ ਦਾ ਪਹਿਲਾ ਸਪੱਸ਼ਟ ਸੰਕੇਤ ਰਾਣਾ ਸੂਰਤ ਸਿੰਘ ਦੇ ਪ੍ਰਕਾਸ਼ਿਤ ਹੋਣ ਤੇ ਮਿਲਿਆ। ਆਪਣੇ ਕਵੀ-ਜੀਵਨ ਦੇ ਮੁਢਲੇ ਪੜਾਅ ਉਪਰ ਹੀ ਇਸ ਮਹਾ-ਕਾਵਿ 14,000 ਤੋਂ ਵੱਧ ਪੰਕਤੀਆਂ ਦੇ ਆਕਾਰ ਵਾਲੇ ਗ੍ਰੰਥ ਦੀ ਰਚਨਾ ਨਾਲ ਭਾਈ ਸਾਹਿਬ ਮਹਾਕਵੀ ਦੇ ਰੂਪ ਵਿਚ ਸਥਾਪਿਤ ਹੋ ਗਏ। ਇਸ ਰਚਨਾ ਦਾ ਪ੍ਰਮੁਖ ਪਾਤਰ ਰਾਣੀ ਰਾਜ ਕੌਰ ਹੈ। ਰਾਣੀ ਦਾ ਪਤੀ ਰਾਣਾ ਸੂਰਤ ਸਿੰਘ ਦਾ ਜਵਾਨੀ ਵਿਚ ਹੀ ਇਕ ਜੰਗ ਵਿਚ ਸ਼ਹੀਦ ਹੋ ਜਾਂਦਾ ਹੈ। ਰਾਣਾ ਪਰਮਾਰਥਕ ਬਿਰਤੀ ਵਾਲਾ ਵਿਅਕਤੀ ਸੀ ਤੇ ਰਾਣੀ ਦਾ ਉਸ ਨਾਲ ਬੜਾ ਤੀਖਨ ਪਿਆਰ ਸੀ। ਰਾਣੇ ਦਾ ਵਿਛੋੜਾ ਰਾਣੀ ਲਈ ਅਸਹਿ ਸੀ। ਇਕ ਦੂਜਾ ਰਾਜਾ ਕਪਟ-ਕਿਰਿਆ ਰਾਹੀਂ ਰਾਣੀ ਨੂੰ ਭਰਮਾਣ ਦਾ ਜਤਨ ਕਰਦਾ ਹੈ। ਰਾਣੀ ਏਸ ਕਪਟ-ਜਾਲ ਵਿਚ ਨਹੀਂ ਫਸਦੀ, ਪਰ ਪਤੀ ਦਾ ਵਿਛੋੜਾ ਉਸ ਨੂੰ ਬਹੁਤ ਵਿਆਕੁਲ ਕਰਦਾ ਹੈ। ਅੰਤ ਸਤਿਸੰਗ ਨਾਲ ਉਸ ਨੂੰ ਗੁਰਮਤਿ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਹ ਰਾਜ-ਜੋਗ ਦੀ ਅਵਸਥਾ ਪ੍ਰਾਪਤ ਕਰਦੀ ਹੈ। ਅਧਿਆਤਮਿਕਤਾ ਤੇ ਸੰਸਾਰਕਤਾ ਦੇ ਸੁਮੇਲ ਨੂੰ ਪ੍ਰਾਪਤ ਕਰਕੇ ਉਹ ਰਾਜ-ਕਾਜ ਨੂੰ ਵੀ ਸੰਭਾਲਦੀ ਹੈ ਅਤੇ ਨਿਰਲਿਪਤ ਰਹਿ ਕੇ ਆਤਮਿਕ ਆਨੰਦ ਦੀ ਪ੍ਰਾਪਤੀ ਕਰਦੀ ਹੈ। ਏਸ ਪਹਿਲੀ ਰਚਨਾ ਰਾਹੀਂ ਹੀ ਕਵੀ ਭਾਈ ਵੀਰ ਸਿੰਘ ਨੇ ਆਪਣੀ ਕਾਵਿ-ਸਿਰਜਣਾ ਦਾ ਚਿਹਰਾ ਮੁਹਰਾ ਨਿਸ਼ਚਿਤ ਕਰ ਲਿਆ ਸੀ। ਭਾਈ ਵੀਰ ਸਿੰਘ ਦੀ ਸਮੁੱਚੀ ਰਚਨਾ ਧਰਮ-ਕੇਂਦਰਿਤ ਹੈ। ਧਰਮ ਉਨ੍ਹਾਂ ਦੀ ਕਾਵਿ-ਰਚਨਾ ਦਾ ਪ੍ਰਕਾਸ਼-ਬਿੰਦੂ ਹੈ। ਉਨ੍ਹਾਂ ਦੀ ਮਾਨਵਤਾ ਅਤੇ ਪ੍ਰਕਿਰਤੀ-ਪ੍ਰੇਮ ਦਾ

ਕੇਂਦਰ-ਬਿੰਦੂ ਵੀ ਧਰਮ ਹੀ ਹੈ। ਉਨ੍ਹਾਂ ਨੂੰ ਪ੍ਰਕਿਰਤੀ ਵੀ ਕਿਸੇ ਧਾਰਮਿਕ ਲੀਲਾ ਦਾ ਹੀ ਵਿਸਤਾਰ ਨਜ਼ਰ ਆਉਂਦਾ ਹੈ। ਏਸ ਦ੍ਰਿਸ਼ਟੀ ਤੋਂ ਕੁਝ ਗੱਲਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ। ਜਿਥੇ ਉਨ੍ਹਾਂ ਦੀ ਵਾਰਤਕ ਵਿਚ ਬਹੁਤੀ ਮਹੱਤਤਾ ਧਾਰਮਿਕ ਇਤਿਹਾਸ ਨੂੰ ਮਿਲੀ ਉਥੇ ਉਨ੍ਹਾਂ ਦੀਆਂ ਕਾਵਿ-ਕਿਰਤਾਂ ਦਾ ਮੁਖ ਪ੍ਰੇਰਨਾ-ਸਰੋਤ ਅਰੂਪ ਪ੍ਰਭੂ ਦਾ ਪ੍ਰੇਮ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੀਆਂ ਪ੍ਰੇਮ-ਰਚਨਾਵਾਂ ਵਿਚ ਨਾ ਪ੍ਰੇਮ-ਪਾਤਰ ਦੀ ਨੁਹਾਰ ਸਪਸ਼ਟ ਹੈ ਅਤੇ ਨਾ ਪ੍ਰੇਮ-ਲੀਲਾ ਦੇ ਸਮੇਂ-ਸਥਾਨ ਦਾ ਹੀ ਪਛਾਨਣਯੋਗ ਬਿੰਬ ਨਜ਼ਰ ਆਉਂਦਾ ਹੈ। ਸਾਡੇ ਯੁਗ ਦਾ ਪ੍ਰੇਮ-ਕਾਵਿ ਮਨੁਖ-ਕੇਂਦਰਿਤ ਹੈ, ਭਾਈ ਸਾਹਿਬ ਦਾ ਪ੍ਰੇਮ-ਕਾਵਿ ਪ੍ਰਭੂ-ਕੇਂਦਰਿਤ ਹੈ ਅਤੇ ਦੋਹਾਂ ਵਿਚ ਅੰਤਰ ਸਪਸ਼ਟ ਵਿਖਾਈ ਦੇਂਦਾ ਹੈ। ਏਸ ਨਿਖੇੜੇ ਦਾ ਇਕ ਬੜਾ ਹੀ ਸਪੱਸ਼ਟ ਵੇਰਵਾ ਇਹ ਹੈ ਕਿ ਪ੍ਰੇਮ-ਵਰਣਨ ਵਿਚ ਪ੍ਰੇਮ-ਪਾਤਰ ਦਾ ਚਿਹਰਾ-ਮੂਹਰਾ ਜਾਂ ਹਾਵ-ਭਾਵ ਅੱਖੋਂ ਪਰੋਖੇ ਰਹੇਗਾ, ਪਰ ਪ੍ਰੇਮ ਕਰਨ ਵਾਲੇ ਦੀ ਮਾਨਸਿਕ ਅਤੇ ਸਰੀਰਕ ਹਾਲਤ ਦਾ ਬਿੰਬ ਪੂਰੀ ਤਰ੍ਹਾਂ ਉਜਾਗਰ ਹੋ ਜਾਂਦਾ ਹੈ। ਕੇਵਲ ਇਕ ਉਦਾਹਰਣ ਪੇਸ਼ ਹੈ:

### ਅਣਡਿਠਾ ਰਸਦਾਤਾ

ਬੁਲ੍ਹਾਂ ਅਧਖੁਲ੍ਹਿਆਂ ਨੂੰ, ਹਾਇ
ਮੇਰੇ ਬੁਲ੍ਹਾਂ ਅਧਮੀਟਿਆਂ ਨੂੰ

ਛੁਹ ਗਿਆ ਨੀ, ਲਗ ਗਿਆ ਨੀ
ਕੌਣ, ਕੁਝ ਲਾ ਗਿਆ?

ਸ੍ਵਾਦ ਨੀ ਅਗੰਮੀ ਆਈਆ
ਰਸ ਝਰਨਾਟ ਛਿੜੀ

ਲੂੰ ਲੂੰ ਲਹਿਰ ਉਠਿਆ
ਤੇ ਕਾਂਬਾ ਮਿਠਾ ਆ ਗਿਆ

ਹੋਈ ਹਾਂ ਸੁਆਦ ਸਾਰੀ
ਆਪੇ ਤੋਂ ਮੈਂ ਆਪ ਵਾਰੀ

ਐਸੀ ਰਸ ਭਰੀ ਹੋਈ
ਸਵਾਦ ਸਾਰੇ ਧਾ ਗਿਆ

ਹਾਇ, ਦਾਤਾ ਦਿੱਸਿਆ ਨਾ
ਸਵਾਦ ਜਿਨ੍ਹੇ ਦਿਤਾ ਐਸਾ
ਦੇਂਦਾ ਰਸਦਾਨ ਦਾਤਾ
ਆਪਾ ਕਿਉਂ ਲੁਕਾ ਗਿਆ?

(ਪੁਸਤਕ, ਲਹਿਰ ਹੁਲਾਰੇ ਵਿਚੋਂ)

ਮਨੁਖ ਦੀ ਥਾਂ ਪ੍ਰਭੂ ਨੂੰ ਆਪਣੀ ਕਾਵਿ-ਸਿਰਜਣਾ ਦਾ ਮੁਖ ਸੋਮਾ ਬਣਾ ਲੈਣ ਕਾਰਨ ਹੀ ਭਾਈ ਸਾਹਿਬ ਦੀ ਕਵਿਤਾ ਵਿਚ ਸਮਾਜਿਕਤਾ ਤੋਂ ਵਧੀਕ ਨਿਰਲਿਪਤੀ ਉਪਰ ਬਲ ਹੈ। **ਸਮਾਜਿਕਤਾ ਅਤੇ ਅਧਿਆਤਮਿਕਤਾ ਦੋਵੇਂ ਹੀ ਧਰਮ ਦੇ ਅੰਗ ਹਨ। ਸਾਡੇ ਕਵੀ ਨੇ ਬਹੁਤਾ ਜ਼ੋਰ ਅਧਿਆਤਮਿਕਤਾ ਉਪਰ ਦਿੱਤਾ ਹੈ। ਇਸੇ ਲਈ ਉਨ੍ਹਾਂ ਨੂੰ ਨਾ ਤਾਂ ਬਾਹਰਮੁੱਖੀ ਸੁੰਦਰਤਾ ਰਿਝਾ ਸਕਦੀ ਹੈ ਅਤੇ ਨਾ ਹੀ ਸੰਘਰਸ਼-ਪ੍ਰਧਾਨ ਜੀਵਨ ਆਪਣੇ ਵਲ ਖਿਚ ਸਕਦਾ ਹੈ:**

(1) ਅੱਖੀਆਂ

ਅਰੂਪ ਦੇ ਦੀਦਾਰ ਦੀ ਤੜਫਨ
ਤੋਂ ਬਣੀਆਂ ਅੱਖੀਆਂ
ਪਰ ਰੂਪ ਦੇ ਕਰ ਸਾਮ੍ਹਣੇ
ਰੁਖ ਬਾਹਰ ਦਾ ਦੇ ਰਖੀਆਂ
ਦੇਖਣ ਨਜ਼ਾਰੇ ਸੋਹਿਣੇ, ਰੀਝਣ
ਤੇ ਰਚ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ
ਪਲ ਰੂਪ ਤੇ ਫਿਰ ਭੁੱਖੀਆ

(ਪੁਸਤਕ, ਲਹਿਰਾਂ ਦੇ ਹਾਰ)

## (2) ਮੇਰੀ ਜਿੰਦੇ

ਤੇਰਾ ਥਾਉਂ ਕਿਸੇ ਨਦੀ ਕਿਨਾਰੇ
ਤੇਰਾ ਥਾਂਉਂ ਕਿਸੇ ਜੰਗਲ ਬੇਲੇ
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ
ਤੇ ਗਾਂਦਿਆਂ ਫਿਰਨ ਅਕੇਲੇ,
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ
ਤੂੰ ਆਪੇ 'ਆਪੇ' ਨਾਲ ਖੇਲੇਂ
ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ
ਤੇਰੇ ਚਾਰ ਚੁਫੇਰੇ ਝਮੇਲੇ?

(ਪੁਸਤਕ, ਲਹਿਰ ਹੁਲਾਰੇ ਵਿਚੋਂ)

ਨਦੀ ਦੇ ਕਿਨਾਰੇ, ਜੰਗਲ-ਬੇਲੇ ਜਾਂ ਅਰਸ਼ ਕਵੀ ਦੇ ਨਿਵਾਸ-ਸਥਾਨ ਹਨ, ਪ੍ਰੇਮ-ਸਥਾਨ ਨਹੀਂ। ਕਿਉਂਕਿ ਕਵੀ ਦੀ ਦਿਲਚਸਪੀ ਜੀਵਨ ਵਿਚ ਨਹੀਂ ਜੀਵਨ ਦੇ ਅਰਥ ਵਿਚ ਹੈ, ਇਸੇ ਲਈ ਉਹ ਪ੍ਰਕਿਰਤੀ ਦੀ ਸੁੰਦਰਤਾ ਤੋਂ ਵਧੀਕ ਪ੍ਰਕਿਰਤੀ ਤੋਂ ਪ੍ਰਾਪਤ ਹੋਣ ਵਾਲੇ ਸੰਕੇਤ ਅਤੇ ਉਪਦੇਸ਼ ਵਲ ਰੁਚਿਤ ਹੈ। ਕਦੀ ਕਦੀ ਉਹ ਪ੍ਰਕਿਰਤੀ ਨੂੰ ਕਿਸੇ ਇਤਿਹਾਸਕ ਵੇਰਵੇ ਨਾਲ ਵੀ ਸੰਬੰਧਿਤ ਕਰਦੇ ਹਨ ਪਰ ਅਪਵਾਦ ਰੂਪ ਵਿਚ। ਪ੍ਰਮੁੱਖ ਰੂਪ ਵਿਚ, ਉਹ ਜਾਂ ਤਾਂ ਕੁਦਰਤ ਵਿਚ ਕਾਦਰ ਦਾ ਦੀਦਾਰ ਕਰਦੇ ਹਨ ਅਤੇ ਜਾਂ ਕੋਈ ਉਪਦੇਸ਼ ਗ੍ਰਹਿਣ ਕਰਦੇ ਹਨ। ਉਨ੍ਹਾਂ ਦੀ ਪ੍ਰਸਿੱਧ ਰਚਨਾ 'ਜੀਵਨ ਕੀ ਹੈ?' ਵਿਚ ਵੀ ਪ੍ਰਕਿਰਤੀ ਰਾਹੀਂ ਇਕ ਵਿਸ਼ੇਸ਼-ਪ੍ਰਕਾਰ ਦਾ ਜੀਵਨ ਦਰਸ਼ਨ ਸਿਰਜਣ ਦਾ ਆਹਰ ਹੈ। ਜਿਵੇਂ ਕਿ ਪਹਿਲੇ ਕਿਹਾ ਜਾ ਚੁਕਾ ਹੈ, ਆਧੁਨਿਕ ਕਾਵਿ ਮਨੁੱਖ ਕੇਂਦਰਿਤ ਹੈ ਇਸੇ ਲਈ ਉਹ ਵਧੇਰੇ ਮੂਰਤਭਾਵੀ ਹੈ, ਇਸ ਦੇ ਉਲਟ ਭਾਈ ਵੀਰ ਸਿੰਘ-ਕਾਵਿ ਰੱਬ-ਕੇਂਦਰਿਤ ਹੈ ਅਤੇ ਉਸ ਵਿਚ ਅਮੂਰਤਭਾਵੀ ਹੋਣ ਦੀ ਪ੍ਰਵਿਰਤੀ ਬੜੀ ਪ੍ਰਬਲ ਹੈ। ਕਦੀ ਕਦੀ ਭਾਈ ਸਾਹਿਬ ਪ੍ਰਕਿਰਤੀ ਦਾ ਮੂਰਤ ਚਿਤਰ ਵੀ ਪੇਸ਼ ਕਰਦੇ ਹਨ। ਪਰ ਸਹਿਜੇ ਹੀ ਉਸ ਤੋਂ ਕੋਈ ਅਮੂਰਤ ਉਪਦੇਸ਼ ਗ੍ਰਹਿਣ ਕਰਨਾ ਚਾਹੁੰਦੇ ਹਨ। ਹੇਠਾਂ ਦੋ ਉਦਾਹਰਣ ਪੇਸ਼ ਹਨ। ਪਹਿਲੇ ਵਿਚ

ਪ੍ਰਕਿਰਤੀ ਪ੍ਰਭੂ ਵਲ ਸੰਕੇਤ ਕਰਦੀ ਹੈ ਅਤੇ ਦੂਜੇ ਵਿਚ ਉਪਦੇਸ਼ ਦ੍ਰਿੜ੍ਹਾਉਂਦੀ ਹੈ।

### (1) ਵੈਰੀ ਨਾਗ ਦਾ ਪਹਿਲਾ ਝਲਕਾ

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵੱਜਦਾ
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸੱਜਦਾ

(ਪੁਸਤਕ, ਮਟਕ ਹੁਲਾਰੇ ਵਿਚੋਂ)

### (2) ਇਛਾਬਲ ਤੇ ਡੂੰਘੀਆਂ ਸ਼ਾਮਾਂ

ਪ੍ਰਸ਼ਨ- ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾਬਲ ਤੂੰ ਜਾਰੀ?
ਨੈ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿੰ ਹਾਰੀ,
ਸੈਲਾਨੀ ਤੇ ਪੰਛੀ ਮਾਲੀ
ਹਨ ਸਭ ਆਰਾਮ ਵਿਚ ਆਏ,
ਸਹਿਮ ਸੁਆਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

ਉਤਰ- ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਆਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ-
ਸੋ ਚਾਲ ਪਏ ਨਿਤ ਵਹਿੰਦੇ।

(ਪੁਸਤਕ, ਮਟਕ ਹੁਲਾਰੇ ਵਿਚੋਂ)

ਕੁਦਰਤ ਹੀ ਨਹੀਂ ਮਨੁੱਖੀ ਸੁੰਦਰਤਾ ਵਿਚ ਵੀ ਉਨ੍ਹਾਂ ਦੀ ਦਿਲਚਸਪੀ ਵਿਸ਼ੇਸ਼ ਸੀ। ਇਸਤਰੀ ਦੀ ਸੁੰਦਰਤਾ ਦਾ ਚਿਤਰ ਪੇਸ਼ ਕਰਨ ਵੇਲੇ ਵੀ ਉਹ ਸੁੰਦਰਤਾ ਦੇ ਅਰਥ ਵਿਚ ਦਿਲਚਸਪੀ ਰਖਦੇ ਹਨ। ਕਸ਼ਮੀਰਨ ਲੱਲੀ ਬਾਉਰੀ ਹੋ ਕੇ ਨੰਗੀ ਫਿਰਦੀ ਰਹਿੰਦੀ ਸੀ। ਭਾਈ ਸਾਹਿਬ ਦੀ ਨਜ਼ਰ ਉਸ ਦੇ ਸਰੀਰ ਦੇ ਕਿਸੇ ਅੰਗ ਵਲ ਨਹੀਂ ਜਾਂਦੀ, ਅਚਾਨਕ ਲੱਲੀ ਕਪੜੇ ਮੰਗਣ ਲਗ ਪੈਂਦੀ ਹੈ। ਭਾਈ ਸਾਹਿਬ ਇਸ ਸਥਿਤੀ ਵਿਚੋਂ ਅਰਥ ਗ੍ਰਹਿਣ ਕਰਦੇ ਹਨ-

## ਲੱਲੀ

ਨਗਨ ਸੁੰਦਰਤਾ ਨਿਜਾਣੀ ਨਿਜਾਣੀ
ਪਰਦਾ ਲੋੜ ਨਾ ਰਖਦੀ,
ਸੁੰਦਰਤਾ ਮੁਟਿਆਰ ਜਦੋਂ ਹੋ
ਰੰਗ ਰੂਪ ਚੜ੍ਹ ਭਖਦੀ,

'ਹੁਸਨ ਅਹਿਸਾਸ' ਜਦੋਂ 'ਆਪੇ' ਦਾ
ਮਦ ਭਰ ਆਪੇ ਤਕਦੀ
ਆਪੇ ਤੇ ਆਸ਼ਕ ਹੋ ਆਪੇ
'ਮਦ-ਆਪੇ' ਦਾ ਛਕਦੀ,

ਤਦੋਂ ਡਰੇ ਮਤ ਨਜ਼ਰ ਕਿਸੇ ਦੀ
ਪੈ ਕੇ ਮੈਲ ਲਗਾਵੇ,
ਨਜ਼ਰ ਦੂਸਰੀ ਤੋਂ ਸ਼ਰਮਾਵੇ,
'ਆਪਾ' ਪਈ ਲੁਕਾਵੇ।

(ਪੁਸਤਕ, ਮਟਕ ਹੁਲਾਰੇ ਵਿਚੋਂ)

ਧਰਮ-ਭਾਵਨਾ ਜੀਵਨ ਦੇ ਬੁਨਿਆਦੀ ਮਸਲਿਆਂ ਨਾਲ ਸੰਬੰਧਿਤ ਹੁੰਦੀ ਹੈ। ਇਸੇ ਕਰਕੇ ਹੀ ਧਰਮ-ਭਾਵੀ ਭਾਈ ਵੀਰ ਸਿੰਘ ਜ਼ਿੰਦਗੀ ਦੇ ਚੁਣਵੇਂ ਵੇਰਵਿਆਂ ਨੂੰ ਵੀ ਬੁਨਿਆਦੀ ਸੱਚ ਨਾਲ ਜੋੜਨ ਦਾ ਜਤਨ ਕਰਦੇ ਹਨ। ਲੋਕ ਨੂੰ ਪਰਲੋਕ ਨਾਲ ਜੋੜੇ ਬਿਨਾਂ ਧਾਰਮਿਕ ਕਾਵਿ ਦੀ ਰਚਨਾ ਨਹੀਂ ਹੋ ਸਕਦੀ ਇਸੇ ਕਰਕੇ ਹੀ ਭਾਈ ਸਾਹਿਬ ਕੁਦਰਤ

ਨੂੰ ਕਾਦਰ ਨਾਲ, ਦ੍ਰਿਸ਼ ਨੂੰ ਦ੍ਰਿਸ਼ਟੀ ਨਾਲ ਅਤੇ ਫ਼ਰਸ਼ ਨੂੰ ਅਰਸ਼ ਨਾਲ ਜੋੜਦੇ ਹਨ। ਕਸ਼ਮੀਰ ਜਿਹੇ ਸੁੰਦਰ ਦੇਸ਼ ਬਾਰੇ ਕਹਿੰਦੇ ਹਨ: 'ਹੈ ਧਰਤੀ ਪਰ ਛੋਹ ਅਸਮਾਨੀ', ਸੁੰਦਰ ਵਿਅਕਤੀਆਂ ਬਾਰੇ ਕਹਿੰਦੇ ਹਨ: 'ਤਿਵੇਂ ਸੁੰਦਰਤਾ ਅਰਸ਼ੋਂ ਆਵੇ ਸੁਹਦਿਆਂ ਤੇ ਪੈ ਚਮਕੇ'। ਇਹ ਬਿਰਤੀ ਭਾਈ ਸਾਹਿਬ ਦੀ ਕਾਵਿ ਰਚਨਾ ਦਾ ਬੁਨਿਆਦੀ ਤੱਤ ਹੈ। ਉਹ ਤਾਂ ਧਰਤੀ ਉਪਰ ਰਚੀ ਜਾ ਰਹੀ ਕਵਿਤਾ ਦੇ ਕਰਤਾਰੀ ਸਿਧਾਂਤ ਦਾ ਨਿਵਾਸ ਵੀ ਅਰਸ਼ਾਂ ਵਿਚ ਮੰਨਦੇ ਹਨ:

'ਕਵਿ-ਰੰਗ' ਸੁੰਦਰਤਾ

ਕਵਿਤਾ ਦੀ ਸੁੰਦਰਤਾਈ
ਉੱਚੇ ਨਛੱਤਰੀਂ ਵਸਦੀ
ਆਪਣੇ ਸੰਗੀਤ ਲਹਿਰੇ
ਆਪਣੇ ਪ੍ਰਕਾਸ਼ ਲੱਸਦੀ
ਇਕ ਸ਼ਾਮ ਨੂੰ ਏ ਓਥੋਂ
ਹੇਠਾਂ ਪਲਮਦੀ ਆਈ
ਰਸ ਰੰਗ ਨਾਲ ਕੰਬਦੀ
ਸੰਗੀਤ ਥਰਥਰਾਈ।....

(ਪੁਸਤਕ, ਮਟਕ ਹੁਲਾਰੇ ਵਿਚੋਂ)

ਇਹ ਹੈ, ਸੰਖੇਪ ਵਿਚ, ਭਾਈ ਵੀਰ ਸਿੰਘ ਦੀ ਕਾਵਿ ਸੰਰਚਨਾ ਦਾ ਪ੍ਰਕਾਸ਼-ਬਿੰਦੂ ਪਰ ਭਾਈ ਸਾਹਿਬ ਵੀਰ ਸਿੰਘ ਆਪ ਇਕ ਸਮਾਜਿਕ ਸੰਸਥਾ ਬਣ ਚੁਕੇ ਸਨ॥੮੫॥

ਨਵੰਬਰ, 1980

-ਡਾ. ਹਰਿਭਜਨ ਸਿੰਘ, ਪੀ.ਐਚ.ਡੀ.
(ਦਿੱਲੀ ਯੂਨੀਵਰਸਿਟੀ)

# ਭਾਈ ਵੀਰ ਸਿੰਘ ਜੀ ਦਾ ਖਾਨਦਾਨੀ ਪਿਛੋਕੜ

ਅਠਾਰ੍ਹਵੀਂ ਸਦੀ ਦੇ ਸ਼ੁਰੂ ਦਾ ਸਮਾਂ ਸੀ ਜਦ ਮੁਲਤਾਨ ਦੇ ਚੁੱਘ ਖਾਨਦਾਨ ਦੇ ਮਸ਼ਹੂਰ ਦੀਵਾਨ ਕੌੜਾ ਮੱਲ ਨੇ ਸ਼ੋਰਕੋਟ ਤੋਂ ਲਹਿੰਦੇ ਨੂੰ ਇਕ ਛੋਟੇ ਜਿਹੇ ਪਿੰਡ ਵਿਚ, ਚੌਧਰੀ ਵੱਲੂ ਮੱਲ ਦੇ ਘਰ ਜਨਮ ਲਿਆ। ਲਾਹੌਰ ਦੇ ਸੂਬੇ ਜ਼ਕਰੀਆ ਖਾਂ ਦੇ ਅਹਿਦ ਵਿਚ ਲਾਹੌਰ ਦੀ ਕਲਮੀ ਫੌਜ ਵਿਚ ਦੀਵਾਨ ਸਾਹਿਬ ਦਾ ਨਾਮ ਵਿਸ਼ੇਸ਼ ਫੌਜੀ ਅਹੁਦੇਦਾਰਾਂ ਦੀ ਸੂਚੀ ਵਿਚ ਮਿਲਦਾ ਹੈ। ਇਹ ਉਸ ਸਮੇਂ ਦਾ ਜ਼ਿਕਰ ਹੈ ਜਦ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਹੋ ਚੁਕੀ ਸੀ ਤੇ ਫੱਰੁਖ਼ਸੀਅਰ ਨੇ ਸਿਖਾਂ ਲਈ ਕਤਲ ਦਾ ਹੁਕਮ ਦੇ ਰਖਿਆ ਸੀ। ਮੁਗ਼ਲ ਰਾਜ ਦਾ ਤਪ ਤੇਜ ਢਲ ਚੁਕਾ ਸੀ ਤੇ ਦੇਸ਼ ਵਿਚ ਬਦਅਮਨੀ ਦਾ ਜ਼ੋਰ ਵਧ ਰਿਹਾ ਸੀ।

ਪੰਜਾਬ ਦਾ ਸੂਬਾ ਅਬਦੁਲ ਸਮੱਦ ਖਾਂ ਸੀ। 1726 ਈ: ਵਿਚ ਇਸ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਭੇਜ ਦਿਤਾ ਗਿਆ ਤੇ ਉਸ ਦੀ ਥਾਂ ਉਸ ਦੇ ਪੁੱਤ੍ਰ ਜ਼ਕਰੀਆ ਖ਼ਾਂ ਨੂੰ ਲਾਹੌਰ ਦਾ ਹਾਕਮ ਬਣਾ ਦਿਤਾ ਗਿਆ। ਜ਼ਕਰੀਆ ਖ਼ਾਂ ਦੇ ਰਾਜ ਵਿਚ ਸਿਖਾਂ ਉਤੇ ਘੋਰ ਅਤਯਾਚਾਰ ਹੋਏ। ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਜੀ ਆਦਿ ਦੀਆਂ ਸ਼ਹੀਦੀਆਂ ਵੀ ਇਸੇ ਸਮੇਂ ਵਿਚ ਹੋਈਆਂ। 1745 ਈ: ਵਿਚ ਜ਼ਕਰੀਆ ਖ਼ਾਂ ਮਰ ਗਿਆ ਤੇ ਇਸ ਦਾ ਵੱਡਾ ਪੁੱਤ੍ਰ ਯਾਹਯਾ ਖ਼ਾਂ ਲਾਹੌਰ ਦਾ ਨਾਇਬ ਹਾਕਮ ਬਣ ਬੈਠਾ। ਯਾਹਯਾ ਖ਼ਾਂ ਨੇ ਰਾਜ ਸੰਭਾਲਦੇ ਸਾਰ ਦੀਵਾਨ ਲਖਪਤ ਰਾਇ ਨੂੰ ਆਪਣਾ ਵਜ਼ੀਰ ਬਣਾ ਲਿਆ। ਕੁਝ ਚਿਰ ਮਗਰੋਂ ਇਸ ਦਾ ਛੋਟਾ ਭਰਾ ਸ਼ਾਹ ਨਵਾਬ ਖ਼ਾਂ ਯਾਹਯਾ ਖ਼ਾਂ ਨੂੰ ਕੈਦ ਕਰਕੇ ਲਾਹੌਰ ਤੇ ਕਬਜ਼ਾ ਕਰ ਬੈਠਾ, ਪਰ ਯਾਹਯਾ ਖ਼ਾਂ ਦੇ ਕੈਦੋਂ ਨੱਸ ਜਾਣ ਦੇ ਕਾਰਨ ਇਹ ਆਪ ਡਰਦਾ ਦਿੱਲੀ ਨੂੰ ਨੱਸ ਗਿਆ ਤੇ ਫਿਰ ਮੁਲਤਾਨ ਜਾਕੇ ਆਕੀ ਹੋ ਬੈਠਾ। 1748 ਈ: ਵਿਚ ਮੀਰ ਮੁਅੱਯਨਲ ਮੁਲਕ (ਮੀਰ ਮੰਨੂੰ) ਲਾਹੌਰ ਤੇ ਮੁਲਤਾਨ ਦਾ ਸੂਬਾ ਨੀਯਤ ਹੋਇਆ। ਮੀਰ ਮੰਨੂੰ ਨੇ ਦੀਵਾਨ ਲਖਪਤ ਰਾਇ ਨੂੰ

ਕੈਦ ਕਰ ਲਿਆ ਅਤੇ ਕੌੜਾ ਮੱਲ ਨੂੰ ਉਸ ਦੇ ਬਦਲੇ ਆਪਣਾ ਦੀਵਾਨ ਤੇ ਨਾਇਬ ਮੁਕਰਰ ਕੀਤਾ। ਇਸ ਰਾਜ ਰੌਲੇ ਵਿਚ ਹੀ ਸਿਖਾਂ ਨੇ, ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ, 'ਰਾਮ ਰੌਣੀ' ਨਾਮ ਦੀ ਇਕ ਕੱਚੀ ਗੜ੍ਹੀ ਬਣਾ ਲਈ। ਕੁਝ ਮਹੀਨੇ ਤਾਂ ਆਦੀਨਾ ਬੇਗ ਨੇ ਮੀਰ ਮੰਨੂੰ ਦੀ ਆਗਿਆ ਨਾਲ ਗੜ੍ਹੀ ਨੂੰ ਘੇਰੀ ਰਖਿਆ, ਪਰ ਫਿਰ ਦੀਵਾਨ ਕੌੜਾ ਮੱਲ ਦੀ ਸਲਾਹ ਤੇ ਸਿਆਣਪ ਨਾਲ ਇਹ ਘੇਰਾ ਉਠਵਾ ਦਿਤਾ ਗਿਆ ਤੇ ਦਰਬਾਰ ਸਾਹਿਬ ਦੇ ਨਾਮ ਕੁਝ ਜਗੀਰਾਂ ਲਗਾ ਦਿਤੀਆਂ ਗਈਆਂ। ਮੀਰ ਮੰਨੂੰ ਨੇ ਸ਼ਾਹ ਨਵਾਜ਼ ਦੀ ਸਰਕੋਬੀ ਲਈ ਦੀਵਾਨ ਕੌੜਾ ਮੱਲ ਨੂੰ ਫੌਜ ਦੇ ਕੇ ਮੁਲਤਾਨ ਘੱਲਿਆ। ਇਸ ਮੁਹਿੰਮ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠ ਸਿੰਘਾ ਦਾ ਦਲ ਵੀ ਦੀਵਾਨ ਜੀ ਦੀ ਸਹਾਇਤਾ ਲਈ ਨਾਲ ਚੜ ਪਿਆ। ਇਸ ਮੁਹਿੰਮ ਵੇਲੇ ਦੀਵਾਨ ਕੌੜਾ ਮੱਲ ਖਾਲਸੇ ਦੇ ਦੀਵਾਨਾਂ ਵਿਚ ਕੜਾਹ ਪ੍ਰਸ਼ਾਦਿ ਭੇਟਾ ਲੈ ਕੇ ਸ਼ਾਮਲ ਹੁੰਦਾ ਤੇ ਰਹਿਰਾਸ ਦੇ ਪਾਠ ਸਮੇਂ ਖਾਸ ਸ੍ਰੋਤਾ ਹੁੰਦਾ। ਲੜਾਈ ਵਿਚ ਸ਼ਾਹਨਵਾਜ਼ ਖ਼ਾਂ ਮਾਰਿਆ ਗਿਆ ਤੇ ਦੀਵਾਨ ਜੀ ਦੀ ਜਿੱਤ ਹੋਈ। ਜਿੱਤ ਦੇ ਕਾਰਨ ਦੀਵਾਨ ਜੀ ਨੇ ਮੀਰ ਮੰਨੂੰ ਨੂੰ ਕਹਿ ਕਹਾ ਕੇ ਸਿੱਖਾਂ ਦੇ ਵਿਰੁੱਧ ਸਾਰੇ ਕਾਨੂੰਨ ਰੱਦ ਕਰਵਾ ਦਿਤੇ ਤੇ ਇਸ ਜਿੱਤ ਦੀ ਸ਼ੁਕਰ ਗੁਜ਼ਾਰੀ ਵਿਚ ਸਰਦਾਰ ਜੱਸਾ ਸਿੰਘ ਦੇ ਕਹਿਣ ਤੇ ਦੀਵਾਨ ਜੀ ਨੇ ਸ੍ਰੀ ਨਨਕਾਣਾ ਸਾਹਿਬ ਦਾ ਗੁਰਦੁਆਰਾ ਬਾਲ ਲੀਲ੍ਹਾ ਤੇ ਸਰੋਵਰ ਬਣਵਾਇਆ ਤੇ ਹੋਰ ਗੁਰਦੁਆਰਿਆਂ ਦੀ ਵੀ ਸੇਵਾ ਕਰਵਾਈ। ਇਨ੍ਹਾਂ ਔਖੇ ਸਮਿਆਂ ਵਿਚ ਜੋ ਸੇਵਾ, ਸਹਾਇਤਾ ਤੇ ਦਰਦ ਵੰਡਾਣੀ ਦੀਵਾਨ ਸਾਹਿਬ ਨੇ ਖ਼ਾਲਸੇ ਦੀ ਕੀਤੀ, ਉਸ ਲਈ ਖਾਲਸੇ ਨੇ ਆਪ ਨੂੰ 'ਮਿਠਾ ਮੱਲ' ਦਾ ਖ਼ਿਤਾਬ ਦਿਤਾ।

ਮੁਲਤਾਨ ਦੀ ਫ਼ਤਹ ਦੀ ਖੁਸ਼ੀ ਵਿਚ ਮੀਰ ਮੰਨੂੰ ਵਲੋਂ ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਮਿਲਿਆ ਤੇ ਮੁਲਤਾਨ ਦਾ ਹਾਕਮ ਬਣਾਇਆ ਗਿਆ। ਮਹਾਰਾਜਾ ਕੌੜਾ ਮੱਲ ਨੇ ਇਕ ਨਗਰ ਵਸਾਇਆ, ਜਿਸ ਦਾ ਨਾਮ 'ਗੜ੍ਹ ਮਹਾਰਾਜਾ ਕੌੜਾ ਮੱਲ' ਰਖਿਆ, ਜੋ ਹੁਣ ਤਕ 'ਗੜ੍ਹ ਮਹਾਰਾਜਾ' ਕਰਕੇ ਝੰਗ ਦੇ ਜ਼ਿਲੇ ਪਾਕਿਸਤਾਨ ਵਿਚ ਪ੍ਰਸਿੱਧ ਹੈ।

ਮਹਾਰਾਜਾ ਕੌੜਾ ਮਲ ਦੇ ਦੋ ਪੁੱਤਰ, ਦੀਵਾਨ ਹਰੀ ਸਿੰਘ ਤੇ ਦੀਵਾਨ ਤੋਖਾ ਰਾਮ ਸਨ। ਦੀਵਾਨ ਤੋਖਾ ਰਾਮ ਦੇ ਪੜੋਤਰੇ ਚੋਧਰੀ ਰਾਮ ਚੰਦ ਦੇ ਤਿੰਨ ਲੜਕੇ ਬਾਬਾ ਕਾਹਨ ਸਿੰਘ, ਲਾਲੂ ਮੱਲ ਤੇ ਹਾੜੀ ਮੱਲ ਹੋਏ। ਬਾਬਾ ਕਾਹਨ ਸਿੰਘ ਸਭ ਤੋਂ ਵਡੇ ਪੁਤਰ ਸਨ। ਇਨ੍ਹਾਂ ਦੀ ਅਜੇ ਛੋਟੀ ਉਮਰ ਹੀ ਸੀ ਕਿ ਚੋਧਰੀ ਰਾਮ ਚੰਦ ਗੁਜ਼ਰ ਗਏ। ਬਾਬਾ ਕਾਹਨ ਸਿੰਘ ਜੀ ਦਾ ਸਾਧੂ ਸੁਭਾ ਸੀ। ਪਿਤਾ ਸੰਤ ਸੇਵੀ ਸਨ, ਸੋ ਆਪ ਦਾ ਸੰਤਾਂ ਸਾਧਾਂ ਦੇ ਨਾਲ ਮੇਲ ਮਿਲਾਪ ਚੋਖਾ ਹੋ ਗਿਆ। ਫ਼ਕੀਰੀ ਦੀ ਚਾਟ ਲਗ ਗਈ ਤੇ ਅਜੇ ਕੋਈ ਬਾਰਾਂ ਚੌਦਾਂ ਵਰ੍ਹੇ ਦੀ ਹੀ ਉਮਰ ਹੋਵੇਗੀ ਕਿ ਘਰ ਛਡ ਅੰਮ੍ਰਿਤਸਰ ਆ ਗਏ। ਕੁਝ ਸਮਾਂ ਇਥੇ ਸੰਤ ਰਾਮ ਦਿਆਲ ਜੀ ਠਾਕਰਾਂ ਦੇ ਡੇਰ੍ਹੇ ਵਾਲਿਆਂ ਦੇ (ਜੋ ਉਸ ਸਮੇਂ ਇਕ ਚੰਗੇ ਕਰਨੀ ਵਾਲੇ ਸੰਤ ਹੋ ਗੁਜ਼ਰੇ ਹਨ) ਪਾਸ ਆ ਟਿਕੇ। ਇਨ੍ਹਾਂ ਸੰਤਾਂ ਪਾਸੋਂ ਹੀ ਪਰਮਾਰਥਿਕ ਲਾਭ ਉਠਾਇਆ ਤੇ ਫੇਰ ਬਿਹੰਗਮ ਬ੍ਰਿਤੀ ਧਾਰ ਪੂਰਬ ਦੇ ਬਨਾਂ ਵਲ ਤੁਰ ਗਏ। ਮਧੂ ਬਨ ਵਿਚ ਇਕਾਂਤ ਹੋ ਬਾਰਾਂ ਵਰ੍ਹੇ ਤਪਸਯਾ ਕੀਤੀ ਤੇ ਉਸ ਤੋਂ ਪਿਛੋਂ ਕੁਝ ਸਾਲ ਸੁਤੰਤ੍ਰ ਵਿਚਰਦਿਆਂ ਗੁਜ਼ਾਰੇ ਤੇ ਫੇਰ ਅੰਮ੍ਰਿਤਸਰ ਠਾਕਰਾਂ ਦੇ ਡੇਰੇ ਸੰਤਾਂ ਪਾਸ ਆ ਰਹੇ।

ਜਦ ਆਪ ਦੇ ਅੰਮ੍ਰਿਤਸਰ ਆ ਟਿਕਣ ਦੀ ਸੋ ਆਪ ਦੀ ਬ੍ਰਿਧ ਮਾਤਾ ਨੂੰ, ਜੋ ਵੀਹ ਪੰਝੀ ਵਰ੍ਹੇ ਤੋਂ ਉਡੀਕ ਵਿਚ ਸੀ, ਮਿਲੀ ਤਾਂ ਦੋਹਾਂ ਪੁੱਤਰਾਂ ਨੂੰ ਨਾਲ ਲੈ, ਕੋਈ 1828 ਈਸਵੀ ਦੇ ਲਗ ਪਗ ਅੰਮ੍ਰਿਤਸਰ ਵਡੇ ਪੁਤਰ ਪਾਸ ਆ ਗਈ। ਐਮਾਂ ਦੇ ਅੰਮ੍ਰਿਤਸਰ ਆਉਣ ਤੇ ਬਾਬਾ ਜੀ ਨੇ ਕਟੜਾ ਗਰਬਾ ਸਿੰਘ ਵਿਚ ਆਪਣਾ ਮਕਾਨ ਬਣਵਾਇਆ। ਇਸ ਗਲੀ ਦਾ ਨਾਮ ਹੁਣ ਤਕ ਆਪ ਦੇ ਨਾਮ ਤੇ ਮਸ਼ਹੂਰ ਹੈ।

ਬਾਬਾ ਜੀ ਦੀ ਉਮਰ ਚਾਲੀ ਵਰ੍ਹੇ ਦੇ ਲਗ ਪਗ ਹੋ ਚੁਕੀ ਸੀ, ਸਦਾ ਅਤੀਤ ਰਹਿੰਦੇ। ਪਰ ਮਾਵਾਂ ਨੂੰ ਵੰਸ਼ ਦਾ ਬੜਾ ਖਿਆਲ ਹੁੰਦਾ ਹੈ। ਛੋਟੇ ਦੋਨੋਂ ਪੁਤ੍ਰ ਸਿਧੇ ਸਾਦੇ ਹੋਣ ਕਰਕੇ ਮਾਂ ਦੀ ਨਜ਼ਰ ਵੱਡੇ ਪੁਤ੍ਰ ਤੇ ਹੀ ਪੈਂਦੀ ਕਿ ਕਿਵੇਂ ਇਹ ਵਿਆਹ ਕਰ ਲੈਣ ਪਰ ਬਾਬਾ ਜੀ ਉੱਕਾ ਹੀ ਨਾਂਹ ਕਰ ਦਿੰਦੇ। ਮਾਤਾ ਕਈ ਵੇਰੀ ਬੜੀ ਨਿਰਾਸ ਹੋ ਜਾਂਦੀ ਸੀ, ਪਰ ਫਿਰ ਭੀ ਹਿੰਮਤ ਨਾ ਹਾਰੀ। ਆਖਰ ਬੜੀਆਂ ਔਕੜਾਂ ਤੇ

ਕਠਨਾਈਆਂ ਪਿਛੋਂ ਮਾਤਾ ਦੀ ਇਕ ਸਿੱਕ ਸਿਰੇ ਚੜ੍ਹੀ ਤੇ 1830 ਈ: ਦੇ ਕਰੀਬ ਬਾਬਾ ਜੀ ਦਾ ਅੰਮ੍ਰਿਤਸਰ ਵਿਚ ਹੀ ਵਿਆਹ ਹੋ ਗਿਆ। ਵਿਆਹ ਪਿਛੋਂ ਬਾਬਾ ਜੀ ਦੇ ਘਰ ਕਈ ਬੱਚੇ ਹੋਏ ਪਰ ਗੁਜ਼ਰ ਗਏ। ਕੁਝ ਸਮੇਂ ਬਾਦ ਇਕ ਲੜਕੀ ਤੇ ਫੇਰ ਡਾਕਟਰ ਚਰਨ ਸਿੰਘ ਜੀ ਦਾ ਜਨਮ ਹੋਇਆ। ਡਾਕਟਰ ਜੀ ਦੇ ਜਨਮ ਦੀ ਤਾਰੀਖ 7 ਮਾਰਚ, 1853 ਈਸਵੀ ਮੰਗਲਵਾਰ ਸਹੀ ਹੁੰਦੀ ਹੈ।

ਬਾਬਾ ਕਾਹਨ ਸਿੰਘ ਗੁਰਬਾਣੀ ਦੇ ਪ੍ਰੇਮੀ, ਨਾਮ ਰਸੀਏ ਤੇ ਕਰਨੀ ਵਾਲੇ ਸੰਤ ਸਨ। ਆਪ ਸੰਸਕ੍ਰਿਤ ਦੇ ਵਿਦਵਾਨ ਤੇ ਬ੍ਰਿਜ ਭਾਸ਼ਾ ਵਿਚ ਕਵਿਤਾ ਭੀ ਕਹਿੰਦੇ ਸਨ। ਹੱਥ ਵਿਚ ਸ਼ਫਾ ਹੋਣ ਕਰਕੇ ਸਮੇਂ ਦੇ ਚੰਗੇ ਉਘੇ ਵੈਦ ਤੇ ਹਕੀਮ ਮੰਨੇ ਜਾਂਦੇ ਸਨ। ਲਗ ਪਗ 91 ਵਰ੍ਹੇ ਦੀ ਉਮਰ ਵਿਚ 4 ਮਈ, 1878 ਈ: ਸ਼ਨੀਵਾਰ ਨੂੰ ਬਾਬਾ ਜੀ ਪ੍ਰਲੋਕ ਸਿਧਾਰ ਗਏ।

ਬਾਬਾ ਕਾਹਨ ਸਿੰਘ ਜੀ ਦੇ ਸਚਖੰਡ ਵਾਸ ਹੋਣ ਸਮੇਂ ਡਾਕਟਰ ਚਰਨ ਸਿੰਘ ਜੀ ਦੀ ਉਮਰ ਕੋਈ 25 ਸਾਲ ਦੇ ਲਗ ਪਗ ਸੀ। ਆਪ ਨੇ ਭੀ ਪਿਤਾ ਵਾਂਗ ਛੋਟੀ ਉਮਰ ਵਿਚ ਕੁਝ ਸਮਾਂ ਤਪੱਸ੍ਵੀ ਜੀਵਨ ਬਿਤੀਤ ਕੀਤਾ। ਪਿਤਾ ਪਾਸੋਂ ਗੁਰਸਿਖੀ ਤੇ ਪਰਮਾਰਥ ਦੀ ਲਗਨ ਤੋਂ ਛੁਟ ਆਯੁਰਵੈਦਿਕ ਵਿਦਯਾ ਤੇ ਤਜ਼ਰਬੇ ਦਾ ਭੰਡਾਰ ਵੀ ਵਿਰਸੇ ਵਿਚ ਮਿਲਿਆ। ਮੁੱਢਲੀ ਵਿਦਯਾ ਗਿਆਨੀ ਸੰਤ ਸਿੰਘ ਜੀ ਘੜਿਆਲੀਆਂ ਦੀ ਗਲੀ ਵਾਲਿਆਂ ਪਾਸੋਂ ਪ੍ਰਾਪਤ ਕੀਤੀ ਤੇ ਮਗਰੋਂ ਐਲੋਪੈਥਿਕ ਡਾਕਟਰੀ ਵੀ ਸਿਖੀ। ਕੁਝ ਸਮਾਂ ਅੰਮ੍ਰਿਤਸਰ ਅਤੇ ਅਜਨਾਲੇ ਵਿੱਚ ਨੌਕਰੀ ਕੀਤੀ ਤੇ ਫਿਰ ਆਪਣਾ ਸੁਤੰਤ੍ਰ ਕੰਮ ਸ਼ੁਰੂ ਕਰ ਦਿਤਾ। ਇਨ੍ਹਾਂ ਦਿਨਾਂ ਵਿਚ ਆਪ ਦੇ ਉਤਸ਼ਾਹ ਤੇ ਪ੍ਰੇਰਨਾ ਨਾਲ ਸਿੰਘ ਸਭਾ, ਅੰਮ੍ਰਿਤਸਰ ਵਲੋਂ ਗਰੀਬਾਂ ਲਈ ਹਸਪਤਾਲ, ਸਿੰਘ ਸਭਾ ਡਿਸਪੈਂਸਰੀ, ਖੋਹਲੀ ਗਈ, ਜਿਸ ਵਿਚ ਆਪ ਮੁਫ਼ਤ ਸੇਵਾ ਕਰਨ ਤੋਂ ਛੁੱਟ ਦਵਾਈਆਂ ਦੇ ਖਰਚ ਦਾ ਭੀ ਵੱਡਾ ਹਿੱਸਾ ਆਪਣੀ ਜੇਬ ਵਿਚੋਂ ਹੀ ਦਿੰਦੇ ਰਹੇ।

ਅੰਮ੍ਰਿਤਸਰ ਦੇ ਪ੍ਰਸਿੱਧ ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁਤ੍ਰੀ ਨਾਲ ਡਾਕਟਰ ਚਰਨ ਸਿੰਘ ਜੀ ਦਾ ਵਿਆਹ 1869 ਈਸਵੀ ਦੇ ਲਗਪਗ ਹੋਇਆ। ਸੰਤਾਨ ਚਾਰ ਲੜਕੇ ਤੇ ਦੋ ਲੜਕੀਆਂ ਹੋਈਆਂ।

ਭਾਈ ਵੀਰ ਸਿੰਘ ਜੀ, ਜੋ ਸਭ ਤੋਂ ਵਡੇ ਸਪੁਤਰ ਸਨ, ਦਾ ਜਨਮ ਕਟੜਾ ਗਰਬਾ ਸਿੰਘ ਵਾਲੇ ਮਕਾਨ ਅੰਮ੍ਰਿਤਸਰ ਵਿਚ 5 ਦਸੰਬਰ, 1872 ਈਸਵੀ, ਵੀਰਵਾਰ ਨੂੰ ਹੋਇਆ।

ਡਾਕਟਰ ਚਰਨ ਸਿੰਘ ਜੀ ਹਿੰਦੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਦੇ ਵਿਦਵਾਨ ਤੇ ਅੰਗਰੇਜ਼ੀ, ਫਾਰਸੀ ਦੇ ਚੰਗੇ ਜਾਣੂ ਸਨ। ਆਪ ਕਵਿਤਾ ਭੀ ਕਹਿੰਦੇ ਸਨ। ਡਾਕਟਰੀ ਵਿਚ ਆਪ ਬੜੇ ਸਫ਼ਲ ਸਨ। ਉਨ੍ਹਾਂ ਦੇ ਮੇਲੀ ਦਸਦੇ ਹਨ ਕਿ ਆਪ ਇਤਨੇ ਹਮਦਰਦੀ ਤੇ ਗਰੀਬ ਤਰਸ ਸਨ ਕਿ ਗਰੀਬ ਬੀਮਾਰਾਂ ਤੋਂ ਬਿਨਾਂ ਫੀਸ ਲਏ ਉਨ੍ਹਾਂ ਦੇ ਘਰ ਦੇਖਣ ਜਾਂਦੇ ਤੇ ਬਹੁਤ ਵਾਰੀ ਗਰੀਬ ਮਰੀਜ਼ਾਂ ਦੀ ਖ਼ੁਰਾਕ ਦਾ ਪ੍ਰਬੰਧ ਭੀ ਆਪ ਕਰ ਦਿਆ ਕਰਦੇ ਸਨ। ਲੋੜਵੰਦਾਂ ਨੂੰ ਪੈਸੇ, ਕਪੜੇ, ਅਨੁਪਾਨ ਭੀ ਦਾਨ ਦੇਂਦੇ। ਲੋਕਾਂ ਦੇ ਦਿਲਾਂ ਵਿਚ ਆਪ ਲਈ ਬੜਾ ਪਿਆਰ ਤੇ ਸਤਿਕਾਰ ਸੀ। ਘਰ ਵਿਚ ਵਿਦਯਾ ਦੇ ਪ੍ਰਚਾਰ ਦਾ ਪ੍ਰਵਾਹ ਹਮੇਸ਼ਾਂ ਚਲਦਾ ਰਹਿੰਦਾ। ਅਨੇਕਾਂ ਵਿਰਕਤ ਤੇ ਡੇਰੇਦਾਰ, ਸੰਤ ਤੇ ਗ੍ਰਿਹਸਤੀਆਂ ਨੇ ਆਪ ਪਾਸੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਪੜ੍ਹਿਆ। ਆਪ ਇਸ ਵਿਚ ਖਾਸੀ ਮਹਾਰਤ ਰਖਦੇ ਸਨ। ਸਿਖੀ ਪਿਆਰ ਵਾਲੇ ਬੰਦੇ ਸਨ। ਵਿਦਵਾਨਾਂ ਨੂੰ ਕੱਠੇ ਕਰਕੇ ਕੌਮ ਦੀ ਆਰਥਕ ਤੇ ਪਰਮਾਰਥਿਕ ਦਸ਼ਾ ਉਤੇ ਵਿਚਾਰਾਂ ਕਰਦੇ ਤੇ ਉਨਤੀ ਦੇ ਸਾਧਨ ਸੋਚਦੇ ਰਹਿੰਦੇ। ਸਿਖਾਂ ਵਿਚ ਗੁਰਪੁਰਬਾਂ ਦੇ ਮਨਾਣ ਦਾ ਪ੍ਰਚਾਰ ਕੀਤਾ। ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਆਪ ਉਘੇ ਸੇਵਕ ਸਨ। ਪਹਿਲਾਂ ਪਹਿਲ ਆਪ ਨੇ ਹੀ ਅੰਮ੍ਰਿਤਸਰ ਵਿਖੇ ਕਵੀ ਦਰਬਾਰਾਂ ਦੀ ਰਸਮ ਚਲਾਈ ਤੇ ਇਸ ਤਰ੍ਹਾਂ ਸਮੇਂ ਦੇ ਪ੍ਰਸਿੱਧ ਕਵੀਆਂ ਤੇ ਲਿਖਾਰੀਆਂ ਨੂੰ ਸਿਖ ਸਮਾਗਮਾਂ ਉਤੇ ਗੁਰੂ ਸਾਹਿਬਾਨ ਤੇ ਸਿੰਘਾਂ ਦੀਆਂ ਕਰਨੀਆਂ ਬਾਰੇ ਕਵਿਤਾ ਕਹਿਣ ਲਈ ਪ੍ਰੇਰਿਆ। ਆਪ ਨੇ ਪੰਜਾਬੀ ਭਾਸ਼ਾ ਵਿਚ ਕਈ ਇਕ ਪੁਸਤਕਾਂ ਤੇ ਟ੍ਰੈਕਟ ਲਿਖੇ। ਆਪ ਦੀਆਂ ਰਚਿਤ ਛਪੀਆਂ ਪੁਸਤਕਾਂ ਵਿਚੋਂ 'ਜੰਗ ਮੜੌਲੀ', 'ਹੀਰ ਭਾਈ ਗੁਰਦਾਸ' ਤੇ 'ਸ਼ਰਾਬ ਕੌਰ' ਮਸ਼ਹੂਰ ਹਨ। 'ਬਾਣੀ ਬਿਉਰਾ', ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਵੇਰਵਾ ਹੈ ਤੇ 'ਸ਼ਬਦ ਬ੍ਰਿਤੀ ਪ੍ਰਕਾਸ਼', ਜਿਸ ਵਿਚ ਸ਼ਬਦ ਦੀਆਂ ਤਿੰਨਾਂ ਬ੍ਰਿਤੀਆਂ ਤੇ ਧੁਨੀਆਂ ਬਾਰੇ ਵਿਦਵਤਾ ਭਰੀ ਖੋਜ ਹੈ, ਦੋਵੇਂ

ਆਪਦੀ ਅਣਥੱਕ ਮਿਹਨਤ ਦਾ ਨਮੂਨਾ ਹਨ। ਆਪ ਨੇ 'ਸ਼ਕੁੰਤਲਾ ਨਾਟਕ' ਦੀ ਭੀ ਪੰਜਾਬੀ ਵਿਚ ਅਨੁਵਾਦ ਕੀਤਾ। 'ਅਟੱਲ ਪ੍ਰਕਾਸ਼' ਆਪ ਦੀ ਮੁਢਲੀ ਬ੍ਰਿਜ ਭਾਸ਼ਾ ਦੀ ਕਹੀ ਕਵਿਤਾ ਦਾ ਨਮੂਨਾ ਹੈ। ਇਨ੍ਹਾਂ ਤੋਂ ਛੁਟ ਆਪਦੇ ਰਚਿਤ ਹੋਰ ਅਨੇਕਾਂ ਛੋਟੇ ਛੋਟੇ ਪੁਸਤਕ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪੇ, ਜਿਨ੍ਹਾਂ ਵਿਚੋਂ 'ਫਰਿਯਾਦ', 'ਗੜਗੱਜ ਬੋਲੇ, ਲਾਟੂ ਸਿੰਘ ਅਡੋਲਕ ਸਿੰਘ, 'ਜੈ ਜੈ ਸੀਤਾ ਰਾਮ', 'ਸੁਸ਼ੀਲਾ' ਆਦਿ ਮਸ਼ਹੂਰ ਹਨ।

ਡਾਕਟਰ ਜੀ ਦਾ ਦੇਹਾਂਤ 14 ਨਵੰਬਰ, 1908 ਈਸਵੀ ਨੂੰ 55 ਸਾਲ ਦੀ ਆਯੂ ਵਿਚ ਹੋਇਆ। ਭਾਈ ਸਾਹਿਬ ਦੀ ਮਾਤਾ, ਜਿਸ ਦਾ ਨਾਮ ਉੱਤਮ ਕੌਰ ਸੀ,ਦਾ ਦਿਹਾਂਤ ਕੋਈ ਦੱਸ ਸਾਲ ਪਿਛੋਂ 9 ਅਪ੍ਰੈਲ, 1918 ਨੂੰ ਹਾਲ ਬਾਜ਼ਾਰ ਵਾਲੇ ਮਕਾਨ ਵਿਚ ਹੋਇਆ।

ਭਾਈ ਵੀਰ ਸਿੰਘ ਜੀ ਦਾ ਆਲਾ ਦੁਆਲਾ ਬਚਪਨ ਤੋਂ ਹੀ ਧਾਰਮਿਕ ਤੇ ਵਿਦਵਾਨ ਸੀ। ਬਾਬਾ ਕਾਹਨ ਸਿੰਘ ਜੀ ਦੀਆਂ ਨਾਮ-ਰਸ ਰੱਤੀਆਂ ਲੋਰੀਆਂ ਤੇ ਵਿਦਵਾਨ ਪਿਤਾ ਦਾ ਪਿਆਰ ਵਾਲਾ ਹੱਥ ਆਪ ਦੇ ਮੁਢਲੇ ਜੀਵਨ ਦੇ ਆਗੂ ਸਨ। ਬ੍ਰਿਧ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਦਾ ਭੀ ਆਪ ਨਾਲ ਖਾਸ ਸਨੇਹ ਸੀ। ਬਚਪਨ ਦਾ ਬਹੁਤਾ ਸਮਾਂ ਭਾਈ ਸਾਹਿਬ ਇਨ੍ਹਾਂ ਪਾਸ ਹੀ ਰਹੇ ਤੇ ਸਿਖੀ ਜੀਵਨ ਦੀ ਬਹੁਤੀ ਸ਼ਿਖਸ਼ਾ ਨਾਨਾ ਜੀ ਦੀਆਂ ਨਜ਼ਰਾਂ ਹੇਠ ਹੀ ਹੋਈ ਤੇ ਵਿਦਯਾ ਲਾਭ ਵੀ ਪ੍ਰਾਪਤ ਕੀਤਾ। ਗਿਆਨੀ ਹਜ਼ਾਰਾ ਸਿੰਘ ਜੀ ਇਕ ਸਿਆਣੇ ਟੀਕਾ ਕਾਰ ਸਨ। ਉਨ੍ਹਾਂ ਨੇ ਉਰਦੂ, ਫ਼ਾਰਸੀ ਦੇ ਕਈ ਪੜ੍ਹਾਈ ਦੇ ਕੋਰਸਾਂ ਦਾ ਉਲਥਾ ਪੰਜਾਬੀ ਵਿਚ ਕੀਤਾ ਤੇ ਸ਼ੇਖ਼ ਸਾਅਦੀ ਦੀਆਂ ਦੋ ਪ੍ਰਸਿੱਧ ਪੁਸਤਕਾਂ 'ਗੁਲਿਸਤਾਨ' ਤੇ 'ਬੋਸਤਾ' ਦਾ ਵੀ ਫ਼ਾਰਸੀ ਤੋਂ ਪੰਜਾਬੀ ਅਨੁਵਾਦ ਕੀਤਾ। ਭਾਈ ਸਾਹਿਬ ਉਸ ਸਮੇਂ ਸਕੂਲ ਅਵਸਥਾ ਵਿਚ ਸਨ ਤੇ ਉਲਥਾ ਕਰਨ ਦੇ ਕੰਮ ਵਿਚ ਆਪਣੇ ਨਾਨਾ ਜੀ ਦਾ ਹੱਥ ਵਟਾਂਦੇ ਸਨ। ਨਾਨਾ ਜੀ ਦੇ ਕਹਿਣ ਤੇ ਆਪ ਨੇ ਕਈ ਇਕ ਪੁਸਤਕਾਂ ਸਮੁਚੀਆਂ ਵੀ ਉਲਥਾ ਕੀਤੀਆਂ। ਪਰ ਇਸ ਕਰਤੱਵ ਵਿਚ ਆਪ ਤਸੱਲੀ ਚਿਤ ਨਹੀਂ ਸਨ, ਤੇ ਇਕ ਦਿਨ ਆਪ ਨੇ ਨਾਨਾ ਜੀ ਨੂੰ ਕਹਿ ਹੀ ਦਿੱਤਾ ਕਿ ਇਹ ਤਾਂ ਠੀਕ ਹੈ ਕਿ ਪੰਜਾਬੀ ਵਿਚ ਪੁਸਤਕਾਂ ਨਹੀਂ

ਹਨ ਤੇ ਵੱਧ ਤੋਂ ਵੱਧ ਪੁਸਤਕਾਂ ਰਚਣ ਦੀ ਲੋੜ ਹੈ ਪਰ ਤੁਸੀਂ ਲੋਕਾਂ ਦੀਆਂ ਰਚਨਾਵਾਂ ਦੇ ਉਲਥੇ ਕਰ ਦਿੰਦੇ ਹੋ, ਆਪਣੇ ਅੰਦਰੋਂ ਨਵੀਂ ਰਚਨਾ ਕਿਉਂ ਨਹੀਂ ਲਿਖਦੇ? ਨਾਨਾ ਜੀ ਸੁਣਕੇ ਹੱਸ ਪਏ ਤੇ ਪਿਆਰ ਦੇ ਕੇ ਬੋਲੇ-"ਬਰਖ਼ੁਰਦਾਰ, ਮੈਂ ਨਹੀਂ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।" ਇਹ ਗਲ ਆਈ ਗਈ ਹੋ ਗਈ, ਪਰ ਨਾਨਾ ਜੀ ਦਾ ਇਹ ਵਾਕ ਅਖਰ ਅਖਰ ਸਫ਼ਲਿਆ॥੮੬॥

ਨਵੰਬਰ, 1980 ਭਾਈ ਵੀਰ ਸਿੰਘ ਸਾਹਿਤ ਸਦਨ

ਨਵੀਂ ਦਿੱਲੀ